

# ਖਾਲਸੇ ਦੇ ਅਨੰਤ ਤਰੰਗ

ਸੁਖਪਾਲ ਸਿੰਘ

# ਖ਼ਾਲਸੇ ਦੇ ਅਨੰਤ ਤਰੰਗ

PDF created with pdfFactory Pro trial version www.pdffactory.com

**ਏਸੇ ਕਲਮ ਤੋਂ :**

- ਗੁਰਮਤਿ ਸਾਹਿਤ ਦੇ ਅਨਮੋਲ ਮੋਤੀ
- ਗੁਰਮਤਿ ਲਹਿਰਾਂ ਅਨੰਤ ਰੰਗ
- ਲਾਇਬ੍ਰੇਰੀ ਲਈ ਚੋਣਵੀਂ ਪੁਸਤਕ ਸੂਚੀ

PDF created with pdfFactory Pro trial version www.pdffactory.com

# ਖ਼ਾਲਸੇ ਦੇ ਅਨੰਤ ਤਰੰਗ

ਸੁਖਪਾਲ ਸਿੰਘ

2013

PDF created with pdfFactory Pro trial version www.pdffactory.com

+ +

KHALSE DE ANANT TRANG
[Punjabi Poetry]
*by*

SUKHPAL SINGH
B-197, NFL COLONY,
BATHINDA-151 003 (PUNJAB)
Tele : 0164-2272185. Mob. 91-94174-47774
*E-mail :* sukhpalsidhu58@gmail.com

© ਲੇਖਕ

ISBN 978-93-5087-155-3

ਪਹਿਲੀ ਵਾਰ : ਅਪ੍ਰੈਲ 2013

**ਮੁੱਲ : 100-00 ਰੁਪਏ**

*ਸੋਲ ਡਿਸਟ੍ਰੀਬਿਊਟਰਜ਼ :*
ਸਿੰਘ ਬ੍ਰਦਰਜ਼
S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
*E-mail :* singhbro@vsnl.com

*ਪ੍ਰਕਾਸ਼ਕ :*
ਜਸਵਿੰਦਰ ਕੌਰ
B-197, ਐਨ. ਐਫ਼. ਐਲ. ਕਾਲੋਨੀ,
ਬਠਿੰਡਾ-151 003

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

+ +

PDF created with pdfFactory Pro trial version www.pdffactory.com

## ਸਮਰਪਣ

ਅਠਾਰ੍ਹਵੀਂ ਸਦੀ ਦੇ ਤੱਤ ਖ਼ਾਲਸਾ ਦੀਆਂ
ਦੂਰ-ਅੰਦੇਸ਼ੀ ਕੁਰਬਾਨੀਆਂ ਨੂੰ

PDF created with pdfFactory Pro trial version www.pdffactory.com

# ਧੰਨਵਾਦ

**ਅੰਮ੍ਰਿਤ ਦਾ ਤਰਜਮਾ ਕੌਣ ਕਰੇ ਜੀ।**
**ਗੁਰੂ ਦੀਆਂ ਤਾਕਤਾਂ ਨੂੰ ਕੌਣ ਜਰੇ ਜੀ।**

- **ਸ. ਗੁਰਸਾਗਰ ਸਿੰਘ ਜੀ** ਸਿੰਘ ਬ੍ਰਦਰਜ਼, ਅੰਮ੍ਰਿਤਸਰ
  ਬਹੁਮੁੱਲੇ ਸਾਹਿਤਕ ਸੁਝਾਵਾਂ ਲਈ।
- **ਪਰਮਜੀਤ ਸਿੰਘ ਮੱਕੜ, ਤਰਨਜੀਤ ਸਿੰਘ ਢਿੱਲੋਂ**
  ਸਾਹਿਤਕ ਸੰਗਤ ਲਈ।
- **ਜਸਵਿੰਦਰ ਕੌਰ ਪਤਨੀ, ਪ੍ਰਭਜੀਤ ਸਿੰਘ ਪੁੱਤਰ, ਤਰਨਵੀਰ ਸਿੰਘ ਪੁੱਤਰ, ਸੁਖਦੀਪ ਸਿੰਘ ਭਤੀਜਾ**
  ਇਨ੍ਹਾਂ ਦੀ ਬਦੌਲਤ ਮੈਂ ਕਬੀਲਦਾਰੀ ਵਿੱਚੋਂ ਸਮਾਂ ਕੱਢ ਕੇ ਪੰਜਾਬੀ ਸਾਹਿਤ ਦੀ ਖੋਜ 'ਤੇ ਲਾਇਆ।
- **ਬਲਤੇਜ ਸਿੰਘ ਵਿਰਕ**
  ਰਿਜ਼ਕ ਦੇ ਬਿਖੜੇ ਪੈਂਡਿਆਂ ਨੂੰ ਸੁਖਾਵਾਂ ਮੋੜ ਦਿੱਤਾ ਤੇ ਸਾਹਿਤਕ ਖੋਜ ਲਈ ਰਾਹ ਪੱਧਰੇ ਹੋਏ।

PDF created with pdfFactory Pro trial version www.pdffactory.com

# ਤਤਕਰਾ

*ਖ਼ਾਲਸੇ ਦੇ ਅਨੰਤ ਤਰੰਗ ਦੀ ਰਚਨਾਤਮਕ ਪ੍ਰਕਿਰਤੀ*
—ਡਾ. ਮਨਜਿੰਦਰ ਸਿੰਘ 9

*ਭੂਮਿਕਾ* —ਲੇਖਕ 17

- ਇਲਾਹੀ ਨਦਰ ਦੀ ਯਾਦ ਵਿਚ 21
- ਖ਼ਾਲਸੇ ਦੀ ਮਅਰਾਜ 24
- ਖ਼ਾਲਸੇ ਦੀ ਚੜ੍ਹਦੀ ਕਲਾ 26
- ਖ਼ਾਲਸੇ ਦੇ ਬੋਲੇ 28
- ਖ਼ਾਲਸੇ ਦਾ ਵੱਖਰਾ ਰਾਹ 30
- "ਸਰਬ ਲੋਹ ਗ੍ਰੰਥ" ਵਿੱਚੋਂ 32
- ਸ੍ਰੀ ਦਸਮੇਸ਼ ਮਹਿਮਾ 34
- ਪੰਥ ਮਹਿਮਾ 36
- ਸਿੰਘ ਮਹਿਮਾ 38
- ਉਪਮਾ ਸਰਦਾਰ ਹਰੀ ਸਿੰਘ ਨਲੂਆ 40
- ਇਤਿਹਾਸ ਦੀ ਚਾਲ 41
- ਖ਼ਾਲਸੇ ਦੀ ਸ਼ਰਨ 42
- ਕਵੀ ਦੀ ਖ਼ਾਲਸੇ ਪ੍ਰਤੀ ਹੂਕ 43
- ਅੰਤਰੀਵ ਅਰਦਾਸ 44
- ਹਿੱਕਾਂ ਡਾਹੁਣ ਵਾਲੇ ਲੋਕ 45

PDF created with pdfFactory Pro trial version www.pdffactory.com

- ਕਲਾਸਵਾਲੀਆ ਦੀ ਯਾਦ ਵਿਚ 47
- ਸਮੇਂ ਨੂੰ ਸ਼ਿਕਵਾ 49
- ਹਿਜਰਾਂ ਦੀ ਫ਼ਿਜ਼ਾ ਵਿਚ 50
- ਹਕੀਕੀ ਜਗਿਆਸਾ 51
- ਰਿਜ਼ਕ ਦੀ ਲੰਮੀ ਵਾਟ 53
- ਮਿਜ਼ਾਜੀ ਪਦਾਰਥਾਂ ਦੇ ਵਹਿਣ 55
- ਬੁੱਧੀਜੀਵ ਦੇ ਸੈਮੀਨਾਰ 56
- ਬੁੱਧੀ ਨੂੰ ਸੰਬੋਧਨ 57
- ਬੁੱਧੀ ਨੂੰ ਸੁਨੇਹਾ 59
- ਮਾਲਕੀ 61
- ਫ਼ੁਰਸਤ 63
- ਖ਼ਾਲਸੇ ਦੀ ਸਵੇਰ ਆਪਣੇ ਆਪ ਨਾਲ 65
- ਖ਼ਾਲਸੇ ਦੀ ਸ਼ਾਮ ਆਪਣੇ ਆਪ ਨਾਲ 66
- ਸਾਉਣ ਮਹੀਨੇ ਦੇ ਇਕ ਦਿਨ ਆਪਣੇ ਆਪ ਨਾਲ 67
- ਮਉਲੀਆਂ ਰੁੱਤਾਂ ਦੇ ਗੀਤ 69
- . . . . . ਵੇ ? 71
- ਸਾਦਗੀ 72
- ਪ੍ਰੇਮ 73
- ਮਨ ਰਾਜੇ ਨੂੰ ਸੰਬੋਧਨ 74
- ਮਨ ਦੀ ਮੌਜ 76
- ਲੇਖਕ ਦਾ ਕਾਵਿ 78


PDF created with pdfFactory Pro trial version www.pdffactory.com

# ਖ਼ਾਲਸੇ ਦੇ ਅਨੰਤ ਤਰੰਗ ਦੀ ਰਚਨਾਤਮਕ ਪ੍ਰਕਿਰਤੀ

ਪ੍ਰਸਤੁਤ ਕਾਵਿ-ਸੰਗ੍ਰਹਿ ਬੁਨਿਆਦੀ ਰੂਪ ਵਿਚ ਧਰਤੀ 'ਤੇ ਖ਼ਾਲਸੇ ਦੇ ਇਤਿਹਾਸਕ ਸਫ਼ਰ ਦੇ ਨਵੇਕਲੇ ਅੰਦਾਜ਼ ਦਾ ਕਾਵਿਕ ਪ੍ਰਵਚਨ ਹੈ। ਸਾਹਿਤ ਅਤੇ ਇਤਿਹਾਸ ਦਾ ਰਿਸ਼ਤਾ ਬੜਾ ਗੂੜ੍ਹਾ ਅਤੇ ਪੁਰਾਣਾ ਹੈ। ਸਾਹਿਤ ਭਾਵੇਂ ਇਕ ਆਤਮ-ਨਿਸ਼ਠ ਸਿਰਜਣਾਤਮਕ ਕਲਾ (subjective creative art) ਹੈ ਅਤੇ ਇਤਿਹਾਸ ਨੂੰ ਇਕ ਵਸਤੂ-ਨਿਸ਼ਠ ਸਮਾਜਿਕ ਵਿਗਿਆਨ (objective social science) ਮੰਨਿਆ ਜਾਂਦਾ ਹੈ, ਪਰ ਫਿਰ ਵੀ ਦੋਹਾਂ ਦੀਆਂ ਸੂਖਮ ਤੰਦਾਂ ਇਕ-ਦੂਜੇ ਨਾਲ ਜੁੜੀਆਂ ਹਨ। ਕੇਵਲ ਨਿਰਜਿੰਦ ਤੱਥਾਂ ਤਕ ਸੀਮਤ ਰਹਿਣ ਵਾਲੀ ਵਸਤੂ-ਨਿਸ਼ਠ ਇਤਿਹਾਸਕਾਰੀ ਜ਼ਿੰਦਗੀ ਦੇ ਤਰਲ ਵਹਿਣ ਦੀ ਜਟਿਲ ਵੰਨ-ਸੁਵੰਨਤਾ ਨੂੰ ਉਲੀਕਣ ਤੋਂ ਅਸਮਰੱਥ ਰਹਿੰਦੀ ਹੈ। ਸਮੂਹਿਕ ਜੀਵਨ ਦਾ ਹੋਂਦ-ਮੂਲਕ ਅਨੁਭਵ (existential experience) ਜਿਸ ਧਰਤੀ 'ਤੇ ਧੜਕਦਾ ਹੈ, ਉਥੋਂ ਤਕ ਇਸ ਇਤਿਹਾਸ-ਦ੍ਰਿਸ਼ਟੀ ਦੀ ਪਹੁੰਚ ਨਹੀਂ ਹੁੰਦੀ। ਇਸੇ ਲਈ ਸਿਰਦਾਰ ਕਪੂਰ ਸਿੰਘ ਨੇ *Sikh Review* (1960) ਵਿਚ ਪ੍ਰਕਾਸ਼ਤ ਆਪਣੇ ਇਕ ਲੇਖ 'A Note for Writers on Sikh History' ਵਿਚ ਇਤਿਹਾਸ-ਲੇਖਨ ਦੇ ਅੰਤਰਗਤ ਆਤਮ-ਨਿਸ਼ਠਤਾ ਦੇ ਮਹੱਤਵ ਨੂੰ ਉਭਾਰਿਆ ਹੈ। ਉਹਨਾਂ ਅਨੁਸਾਰ ਇਤਿਹਾਸਕਾਰ ਕੇਵਲ ਵਸਤੂ-ਨਿਸ਼ਠ ਤੱਥਾਂ ਤਕ ਸੀਮਤ ਰਹਿ ਕੇ ਇਤਿਹਾਸਕ ਸੱਚ ਦੀ ਪਹਿਚਾਣ ਨਹੀਂ ਕਰ ਸਕਦਾ। ਸੋ ਇਤਿਹਾਸ ਦੇ ਜੀਵੰਤ ਚਰਿੱਤਰ ਦੀ ਪਹਿਚਾਣ ਲਈ ਸਿਰਜਣਾਤਮਕ ਆਤਮ-ਨਿਸ਼ਠਤਾ (creative subjectivity) ਅਨਿਵਾਰੀ ਹੈ। ਸਾਹਿਤ ਆਪਣੀ ਸਿਰਜਣਾਤਮਕ ਪ੍ਰਕਿਰਤੀ ਕਾਰਨ ਹੀ ਜੀਵਨ ਦੇ ਵਧੇਰੇ ਨੇੜੇ ਹੁੰਦਾ ਹੈ। ਇਤਿਹਾਸਕ ਧਰਾਤਲ 'ਤੇ ਉਸਰੀਆਂ ਸਾਹਿਤਕ ਰਚਨਾਵਾਂ ਸਥੂਲ ਤੱਥਾਂ ਦੀ



PDF created with pdfFactory Pro trial version www.pdffactory.com

ਖ਼ੁਸ਼ਕੀ ਤੋਂ ਪਾਰ ਮਾਨਵੀ ਜੀਵਨ ਦੇ ਸਮੂਹਕ ਹੋਂਦ-ਮੂਲਕ ਅਨੁਭਵ ਦੀ ਪੇਚੀਦਗੀ ਦਾ ਜਿਉਂਦਾ ਤੇ ਧੜਕਦਾ ਦ੍ਰਿਸ਼ ਸਿਰਜਣ ਦੇ ਸਮਰੱਥ ਹੁੰਦੀਆਂ ਹਨ। ਮਹਾਂਨਾਇਕ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ 'ਇਕ ਸਰਕਾਰ' ਦੀ ਗ਼ੈਰ-ਹਾਜ਼ਰੀ ਕਾਰਨ ਅੰਗਰੇਜ਼ਾਂ ਤੋਂ ਸਿੱਖਾਂ ਦੀ ਹਾਰ ਦੀ ਜੋ ਸਾਂਝੀ ਵੇਦਨਾ ਉਸ ਇਤਿਹਾਸਕ ਘੜੀ ਤੇ ਸਮੁੱਚੇ ਪੰਜਾਬ ਨੇ ਹੰਢਾਈ, ਉਸ ਨੂੰ ਜਿਸ ਜੀਵੰਤ ਰੂਪ ਵਿਚ ਸ਼ਾਹ ਮੁਹੰਮਦ ਨੇ ਆਪਣੇ *ਜੰਗਨਾਮੇ* ਵਿਚ ਚਿੱਤਰਿਆ ਹੈ, ਉਹ ਜੀਵੰਤਤਾ 'Anglo-Sikh Wars' ਦੇ ਵਸਤੂ-ਨਿਸ਼ਠ ਇਤਿਹਾਸਾਂ ਵਿੱਚੋਂ ਲੱਭਣੀ ਕਠਿਨ ਹੈ। ਇਸੇ ਤਰ੍ਹਾਂ 1947 ਵਿਚ ਪੰਜਾਬ ਦੀ ਵੰਡ ਦੇ ਦੁਖਾਂਤ ਦੀ ਜੋ ਭਾਵਨਾਤਮਕ ਪੇਚੀਦਗੀ ਅਹਿਮਦ ਨਦੀਮ ਕਾਸਮੀ, ਸਆਦਤ ਹਸਨ ਮੰਟੋ ਅਤੇ ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਵਿਚ ਪੇਸ਼ ਹੋਈ ਹੈ, ਉਹ ਇਸ ਸੰਬੰਧੀ ਲਿਖੇ ਗਏ ਤੱਥ ਕੇਂਦਰਿਤ ਇਤਿਹਾਸਾਂ ਵਿੱਚੋਂ ਗ਼ਾਇਬ ਹੈ।

ਇਤਿਹਾਸ ਦੇ ਵੱਖ-ਵੱਖ ਕਾਲ-ਖੰਡਾਂ ਦੀ ਪ੍ਰਕਿਰਤੀ ਵੀ ਭਿੰਨ ਭਿੰਨ ਹੁੰਦੀ ਹੈ। ਗੁਰ-ਇਤਿਹਾਸ ਅਤੇ ਮਾਨਵੀ ਇਤਿਹਾਸ ਨੂੰ ਇੱਕੋ ਨਜ਼ਰ ਨਾਲ ਨਹੀਂ ਦੇਖਿਆ ਜਾ ਸਕਦਾ। ਗੁਰ-ਇਤਿਹਾਸ ਦੀਆਂ ਕੌਤਕੀ ਰਮਜ਼ਾਂ ਨਾਲ ਕਾਲ ਦੇ ਲੇਟਵੇਂ (horizental) ਪਾਸਾਰਾਂ ਵਿਚ ਅਕਾਲ ਦਾ ਜਲਵਾ ਨਮੂਦਾਰ ਹੁੰਦਾ ਹੈ। ਜਿਸ ਕਾਲ-ਖੰਡ ਵਿਚ ਗੁਰੂ/ਪੈਗ਼ੰਬਰ ਧਰਤੀ 'ਤੇ ਦੇਹ-ਰੂਪ ਵਿਚ ਵਿਚਰਦੇ ਹਨ, ਉਸ ਦੇ ਜਲਾਲ ਨੂੰ ਇਤਿਹਾਸਕ ਬਿਰਤਾਂਤ ਵਿਚ ਚਿਤਰਨਾ ਅਤਿ ਕਠਿਨ ਹੁੰਦਾ ਹੈ। ਧਰਮ ਦੀ ਸ਼ੁੱਧ ਆਤਮਾ ਗੁਰੂ/ਪੈਗ਼ੰਬਰ ਅਤੇ ਧਰਮ ਗ੍ਰੰਥ ਦੇ ਰੂਪ ਵਿਚ ਹੀ ਪ੍ਰਗਟ ਹੁੰਦੀ ਹੈ। ਇਸ ਲਈ ਧਰਤੀ ਦੀ ਬੰਦਗੀ ਦੇ ਸਫ਼ਰ ਦਾ ਆਖ਼ਰੀ ਆਦਰਸ਼ ਇਹਨਾਂ ਵਿਚ ਹੀ ਪਿਆ ਹੁੰਦਾ ਹੈ। ਗੁਰੂ ਦੇ ਜੋਤਿ-ਰੂਪ ਦਾ ਪ੍ਰਗਾਸ ਸ਼ਬਦ-ਰੂਪ ਵਿਚ ਹੁੰਦਾ ਹੈ। ਗੁਰੂ ਦੇ ਸ਼ਬਦ-ਪ੍ਰਗਾਸ ਨੂੰ ਗੁਰੂ ਦਾ ਦੇਹ-ਰੂਪ ਅਮਲ ਪ੍ਰਗਟ ਕਰ ਕੇ ਦਿਖਾਉਂਦਾ ਹੈ। ਗੁਰੂ-ਜੋਤਿ ਦਾ ਅਕਾਲ-ਰੂਪ ਸਾਖੀ ਰਾਹੀਂ ਕਾਲ ਦੇ ਮੰਡਲ ਵਿਚ ਬਖ਼ਸ਼ਿਸ਼ ਅਤੇ ਕੌਤਕ ਦੇ ਰੂਪ ਵਿਚ ਉਤਰਦਾ ਹੈ। ਇਸੇ ਲਈ ਭਾਈ ਗੁਰਦਾਸ ਜੀ ਨੇ ਗੁਰ-ਇਤਿਹਾਸ ਦਾ ਵਰਣਨ ਕਰਦੇ



PDF created with pdfFactory Pro trial version www.pdffactory.com

ਹੋਏ ਗੁਰੂ ਦੇ ਅਕਾਲ-ਰੂਪ ਅਤੇ ਗੁਰੂ ਦੇ ਦੇਹ-ਰੂਪ ਵਿਚ ਵਾਪਰੀ ਸਾਖੀ ਦਾ ਵਰਣਨ ਇਕੱਠਾ ਹੀ ਕੀਤਾ ਹੈ :

> ਫਿਰ ਬਾਬਾ ਗਇਆ ਬਗ਼ਦਾਦ ਨੋ
> ਬਾਹਰ ਜਾਇ ਕੀਆ ਅਸਥਾਨਾ।
> ਇਕ ਬਾਬਾ ਅਕਾਲ ਰੂਪ
> ਦੂਜਾ ਰਬਾਬੀ ਮਰਦਾਨਾ।

ਸਿੱਖੀ ਵਿਚ ਗੁਰੂ ਦਾ ਜੋਤਿ-ਰੂਪ, ਗੁਰੂ ਦਾ ਸ਼ਬਦ-ਰੂਪ ਅਤੇ ਗੁਰੂ ਦਾ ਦੇਹ-ਰੂਪ ਇਕਮਿਕ ਹਨ। ਇਵੇਂ ਗੁਰ-ਸਾਖੀ ਧਰਤੀ 'ਤੇ ਸ਼ਬਦ-ਗੁਰੂ ਦਾ ਹੀ ਪ੍ਰਗਾਸ ਹੈ।

ਇਤਿਹਾਸ ਦੀ ਧਾਰਾ ਵਿਚ ਕੌਮ ਸ਼ਬਦ-ਗੁਰੂ ਦੇ ਆਦਰਸ਼ ਦੀ ਪ੍ਰਾਪਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਸ਼ਬਦ-ਗੁਰੂ ਦੇ ਅਨੁਭਵ ਦੀ ਪਵਿੱਤਰ ਤਲਾਸ਼ ਕੌਮ ਦੇ ਸਫ਼ਰ ਨੂੰ ਠੀਕ ਦਿਸ਼ਾ ਪ੍ਰਦਾਨ ਕਰਦੀ ਹੈ, ਪਰ ਕੌਮ ਸ਼ਬਦ-ਗੁਰੂ ਦੇ ਆਤਮਿਕ ਅਨੁਭਵ ਦੀ ਸ਼ੁੱਧਤਾ ਨੂੰ ਪੂਰੀ ਇਤਿਹਾਸਕ ਨਿਰੰਤਰਤਾ ਵਿਚ ਨਹੀਂ ਹੰਢਾ ਰਹੀ ਹੁੰਦੀ। ਕੌਮ ਦੇ ਇਤਿਹਾਸ ਵਿਚ ਸ਼ਬਦ-ਗੁਰੂ ਦੇ ਸ਼ੁੱਧ ਆਤਮਿਕ ਅਨੁਭਵ ਵਾਲੇ ਛਿਣ ਵਾਪਰਦੇ ਹਨ। ਇਹ ਪਵਿੱਤਰ ਛਿਣ ਧਰਤੀ ਦੇ ਅਧੂਰੇ ਕਾਲ-ਨੇਮ ਵਿਚ ਆਤਮਾ ਦੇ ਅਕਾਲ-ਨੇਮ ਦੀ ਸਦੀਵੀ ਜਿੱਤ ਦੀ ਗਵਾਹੀ ਭਰਦੇ ਹਨ, ਪਰ ਪੂਰੀ ਕੌਮ ਦੁਆਰਾ ਸਮੂਹਿਕ ਰੂਪ ਵਿਚ ਸ਼ਬਦ-ਗੁਰੂ ਦੇ ਆਤਮਿਕ ਅਨੁਭਵ ਨੂੰ ਪੂਰੀ ਨਿਰੰਤਰਤਾ ਵਿਚ ਨਾ ਹੰਢਾਉਣ ਕਰਕੇ ਕੌਮ ਦੇ ਇਤਿਹਾਸ ਦੀ ਲਕੀਰੀ ਧਾਰਾ ਵਿਚ ਧਰਤੀ ਦੇ ਅਧੂਰੇ ਪਾਸਾਰਾਂ ਦਾ ਦਾਖ਼ਲ ਹੋ ਜਾਣਾ ਸਹਿਜ ਹੋ ਜਾਂਦਾ ਹੈ। ਸਿੱਖ ਕੌਮ ਦੇ ਇਤਿਹਾਸ ਅਤੇ ਵਰਤਮਾਨ ਵਿਚ ਵੀ ਇਹਨਾਂ ਅਧੂਰੇ ਪਾਸਾਰਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਸਾਖੀ ਰਾਹੀਂ ਗੁਰੂ ਨੇ ਧਰਤੀ ਦੇ ਇਹਨਾਂ ਅਧੂਰੇ ਪਾਸਾਰਾਂ ਵਿਚ ਸ਼ਬਦ ਦੀ ਪੂਰਨਤਾ ਦਾ ਜਲਵਾ ਨਮੂਦਾਰ ਕੀਤਾ ਹੁੰਦਾ ਹੈ। ਸਾਖੀ ਰੂਪ ਵਿਚ ਗੁਰੂ ਸਰਬ-ਸਮਿਆਂ ਵਿਚ ਸ਼ਬਦ-ਗੁਰੂ ਦੇ ਅਨੁਭਵ ਵੱਲ ਵੱਧ ਰਹੀ ਸ਼ੁੱਧ ਤਲਾਸ਼ ਲਈ ਪੈਦਾ ਹੋਣ ਵਾਲੀਆਂ ਧਰਤੀ ਦੇ ਅਧੂਰੇ ਪਸਾਰਾਂ ਦੀਆਂ



PDF created with pdfFactory Pro trial version www.pdffactory.com

ਚੁਣੌਤੀਆਂ ਨੂੰ ਆਪਣੀ ਦੇਹ ਉਪਰ ਸਹਿ ਕੇ ਉਹਨਾਂ ਉਪਰ ਅਖ਼ੀਰ ਸ਼ਬਦ ਦੇ ਆਤਮਿਕ ਆਦਰਸ਼ ਦੀ ਜਿੱਤ ਦਾ ਇਸ਼ਾਰਾ ਪ੍ਰਗਟ ਕਰਕੇ ਦਿਖਾ ਦਿੰਦੇ ਹਨ।

ਹੱਥਲੇ ਕਾਵਿ-ਸੰਗ੍ਰਹਿ ਦੇ ਅਦੁੱਤੀ ਮਹੱਤਵ ਦੀ ਪਛਾਣ, ਇਤਿਹਾਸ ਅਤੇ ਸਾਹਿਤ ਦੇ ਅੰਤਰ-ਸੰਬੰਧ, ਇਤਿਹਾਸ ਅਤੇ ਗੁਰ-ਇਤਿਹਾਸ ਵਿਚਲੇ ਭੇਦ ਅਤੇ ਕੌਮਾਂ ਦੇ ਇਤਿਹਾਸ ਦੀ ਪ੍ਰਕਿਰਤੀ ਸੰਬੰਧੀ ਉਪਰੋਕਤ ਵੱਡ-ਆਕਾਰੀ ਪਰਿਪੇਖ ਵਿਚ ਹੀ ਕੀਤੀ ਜਾ ਸਕਦੀ ਹੈ।

ਪ੍ਰਸਤੁਤ ਕਾਵਿ-ਸੰਗ੍ਰਹਿ *ਖ਼ਾਲਸੇ ਦੇ ਅਨੰਤ ਤਰੰਗ* ਦੇ ਅੰਤਰਗਤ ਧਰਤੀ 'ਤੇ ਖ਼ਾਲਸੇ ਦੀ ਇਤਿਹਾਸਕ ਯਾਤਰਾ ਵਿਚ ਉਪਜੇ ਵਿਭਿੰਨ ਤਰੰਗ ਕਵੀ ਦੀ ਦ੍ਰਿਸ਼ਟੀ ਦਾ ਕੇਂਦਰ ਹਨ। ਕਵੀ ਨੇ ਇਥੇ ਖ਼ਾਲਸਾ ਦੇ ਅਤੀਤ ਅਤੇ ਵਰਤਮਾਨ ਦੇ ਪਵਿੱਤਰ ਛਿਣਾਂ, ਪ੍ਰਾਪਤੀਆਂ ਤੇ ਚੁਣੌਤੀਆਂ ਨੂੰ ਸੰਯੁਕਤ ਰੂਪ ਵਿਚ ਪਛਾਣਨ ਦਾ ਯਤਨ ਕੀਤਾ ਹੈ। ਪੁਸਤਕ ਦੇ ਆਰੰਭ ਵਿਚ ਦਰਜ ਸਮਰਪਣ ਦੇ ਸ਼ਬਦ ਵੀ ਇਸ ਕਾਵਿ-ਭਾਵਨਾ ਦੇ ਕੇਂਦਰੀ ਨੁਕਤੇ ਵੱਲ ਸੰਕੇਤ ਕਰਦੇ ਹਨ। ਕਵੀ ਨੇ ਭੂਮਿਕਾ ਵਿਚ ਵੀ ਆਪਣੇ ਕਾਵਿ-ਪ੍ਰਯੋਜਨ ਨੂੰ ਨਿਮਨ-ਲਿਖਤ ਸ਼ਬਦਾਂ ਵਿਚ ਸਪੱਸ਼ਟ ਕੀਤਾ ਹੈ :

> ਖ਼ਾਲਸੇ ਦੇ ਨਿੱਜੀ ਅਤੇ ਸਮੂਹਿਕ ਵਰਤਾਰੇ ਨੂੰ ਨਵੇਂ ਯੁਗ ਦੇ ਅਨੁਭਵਾਂ ਮੁਤਾਬਿਕ ਬਿਆਨ ਕਰਨਾ ਹੀ ਰਚਨਾ ਦੀ ਮੁੱਖ ਪ੍ਰੇਰਨਾ ਹੈ। ਅਜਿਹਾ ਕਰਦੇ ਸਮੇਂ ਖ਼ਾਲਸੇ ਨੂੰ ਉਸ ਦੇ ਮਹਾਨ ਇਤਿਹਾਸ ਦੀਆਂ ਯਾਦਾਂ ਦਿਵਾਉਣੀਆਂ ਇਹ ਦੂਜੀ ਖ਼ਾਹਿਸ਼ ਹੈ।

ਕਵੀ ਨੂੰ ਇਸ ਯਥਾਰਥ ਦਾ ਗਿਆਨ ਹੈ ਕਿ ਗੁਰ-ਇਤਿਹਾਸ ਦੇ ਸਿਖਰਲੇ ਅਨੁਭਵਾਂ ਦਾ ਭਾਸ਼ਾ ਜਾਂ ਕਾਵਿ-ਭਾਸ਼ਾ ਵਿਚ ਤਰਜਮਾ ਕਰਨਾ ਸੰਭਵ ਨਹੀਂ ਹੈ। ਕਵੀ ਨੂੰ ਕਵਿਤਾ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਦਾ ਬੋਧ ਹੈ :

> ਅੰਮ੍ਰਿਤ ਦਾ ਤਰਜਮਾ ਕੌਣ ਕਰੇ ਜੀ।
> ਗੁਰੂ ਦੀਆਂ ਤਾਕਤਾਂ ਕੌਣ ਕਰੇ ਜੀ।



PDF created with pdfFactory Pro trial version www.pdffactory.com

ਕਵੀ ਦਾ ਇਕ ਪ੍ਰਯੋਜਨ ਖ਼ਾਲਸੇ ਦੇ ਮਹਾਨ ਇਤਿਹਾਸ ਦੀਆਂ ਯਾਦਾਂ ਨੂੰ ਵਰਤਮਾਨ ਦੀ ਸਿਮ੍ਰਤੀ ਵਿੱਚੋਂ ਜਗਾਉਣਾ ਹੈ। ਇਸ ਮਕਸਦ ਲਈ ਉਸ ਨੇ 'ਖ਼ਾਲਸੇ ਦੀ ਚੜ੍ਹਦੀ ਕਲਾ' ਨਾਮੀ ਕਵਿਤਾ ਵਿਚ ਸਿੱਖ-ਇਤਿਹਾਸ ਦੇ ਕੁਝ ਮਹਾਂਨਾਇਕਾਂ (ਹਕੀਕਤ ਸਿੰਘ ਭੰਗੀ, ਤਾਰਾ ਸਿੰਘ ਘੈਬਾ, ਬੁੱਧ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ) ਦੀ ਬੀਰਤਾ ਦੀਆਂ ਉਹਨਾਂ ਘਟਨਾਵਾਂ ਦਾ ਕਾਵਿਕ-ਬ੍ਰਿਤਾਂਤ ਸਿਰਜਿਆ ਹੈ, ਜਿਹੜੀਆਂ ਵਿਸ਼ਵ ਦੇ ਇਤਿਹਾਸਕ ਪ੍ਰਸੰਗ ਵਿਚ ਅਸਲੋਂ ਵਿਲੱਖਣ ਤੇ ਚਮਤਕਾਰੀ ਕਿਸਮ ਦੇ ਪ੍ਰਭਾਵ ਸਿਰਜਣ ਵਾਲੀਆਂ ਹਨ। ਇਸ ਦੇ ਨਾਲ ਹੀ ਕਵੀ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਖ਼ਾਲਸੇ ਦੇ ਇਤਿਹਾਸ ਨੂੰ ਕੇਵਲ ਕਾਲ ਦੀ ਲਕੀਰੀ ਤਹਿ ਵਿਚ ਹੀ ਨਹੀਂ ਚਿੱਤਰਦਾ, ਉਹ ਇਸ ਦੇ ਅਕਾਲੀ ਰੂਪ ਦੀ ਰਮਜ਼ ਦੇ ਸੰਕੇਤ ਵੀ ਦਿੰਦਾ ਹੈ :

ਮੌਤੋਂ ਪਾਰ ਅਜਬ ਹੀ ਰਾਹ ਕੋਈ ਸੁਣੀਦਾ,
ਜਿਥੇ ਕੋਈ ਕਾਲ ਦੀ ਨਾ ਪਾਹ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।

*(ਖ਼ਾਲਸੇ ਦਾ ਵੱਖਰਾ ਰਾਹ)*

ਕਵੀ ਅਨੁਸਾਰ ਖ਼ਾਲਸੇ ਦੀ ਉਚੇਰੀ ਇਤਿਹਾਸਕ ਪਰਵਾਜ਼ ਨੂੰ ਬੁੱਧੀ ਦੀਆਂ ਸੀਮਾਵਾਂ ਵਿਚ ਜਕੜ ਕੇ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ-ਖ਼ਾਲਸੇ ਦੇ ਇਤਿਹਾਸ ਦੀਆਂ ਕੁਝ ਘਟਨਾਵਾਂ ਅਜਿਹੀ ਅਕਾਲੀ ਪ੍ਰਕਿਰਤੀ ਦੀਆਂ ਧਾਰਨੀ ਹਨ, ਜਿਨ੍ਹਾਂ ਦੀ ਰਮਜ਼ ਨੂੰ ਭਾਵਨਾ ਤੇ ਜਜ਼ਬੇ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ, ਉਹਨਾਂ ਨੂੰ ਬੁੱਧੀ ਨਾਲ ਸਮਝ ਦੀ ਵਲਗਣ ਵਿਚ ਵਲਣਾ ਕਠਿਨ ਹੈ। ਇਸੇ ਪ੍ਰਸੰਗ ਵਿਚ ਕਵੀ ਬੁੱਧੀ ਦੀਆਂ ਸੀਮਾਵਾਂ ਨੂੰ ਪਛਾਣਦਾ ਹੈ। ਬੁੱਧੀ ਨੂੰ ਸੰਬੋਧਤ ਕਵੀ ਦੇ ਸ਼ਬਦ ਹਨ :

ਤੂੰ ਸਾਧਨ ਜ਼ਰੂਰ ਹੈਂ
ਪਰ ਮੰਜ਼ਲ ਨਹੀਂ
ਤੂੰ ਮੈਨੂੰ ਜ਼ਿੰਦਗੀ ਤੋਰਨ ਵਿਚ ਮਦਦ ਕਰ ਸਕਦੀ ਹੈਂ



PDF created with pdfFactory Pro trial version www.pdffactory.com

ਪਰ ਜ਼ਿੰਦਗੀ ਦੀ ਉਡਾਣ ਕੀ ਹੈ
ਇਹ ਦੱਸਣਾ ਤੇਰੀ ਔਕਾਤ ਨਹੀਂ। *(ਬੁੱਧੀ ਨੂੰ ਸੰਬੋਧਨ)*

ਕਵੀ ਦੇਸ਼ ਦੇ ਰਾਸ਼ਟਰੀ ਪ੍ਰਸੰਗ ਵਿਚ ਸਿੱਖਾਂ ਦੀ ਇਤਿਹਾਸਕ ਦੇਣ ਦੇ ਮਹੱਤਵ ਨੂੰ ਉਭਾਰਦਾ ਹੋਇਆ ਵਰਤਮਾਨ ਸਥਾਪਤੀ ਨੂੰ ਇਹ ਬੋਧ ਕਰਾਉਣਾ ਲੋਚਦਾ ਹੈ ਕਿ ਜੇਕਰ ਉਹ ਆਪਣੇ ਇਤਿਹਾਸ ਦੇ ਮਹਾਂਨਾਇਕਾਂ ਦੀ ਕਦਰ ਨਹੀਂ ਕਰੇਗੀ, ਤਾਂ ਦੇਸ਼ ਦੇ ਖ਼ੂਬਸੂਰਤ ਭਵਿੱਖ ਦੀ ਸਿਰਜਣਾ ਨਹੀਂ ਹੋ ਸਕਦੀ। ਮਹਾਨ ਦਾਨਿਸ਼ਵਰ ਰਸੂਲ ਹਮਜ਼ਾਤੋਵ ਆਪਣੀ ਜਗਤ ਪ੍ਰਸਿੱਧ ਪੁਸਤਕ *ਮੇਰਾ ਦਾਗ਼ਿਸਤਾਨ* ਦੇ ਆਰੰਭ ਵਿਚ ਲਿਖਦੇ ਹਨ :

ਜੇਕਰ ਤੁਸੀਂ ਅਤੀਤ ਉੱਤੇ ਪਸਤੌਲ ਨਾਲ ਗੋਲੀ ਚਲਾਓਗੇ
ਤਾਂ ਭਵਿੱਖ ਤੁਹਾਨੂੰ ਤੋਪ ਦੇ ਗੋਲੇ ਨਾਲ ਫੁੰਡੇਗਾ।

ਇਸੇ ਭਾਵਨਾ ਨੂੰ ਕਵੀ 'ਹਿੱਕਾਂ ਡਾਹੁਣ ਵਾਲੇ ਲੋਕ' ਸਿਰਲੇਖ ਅਧੀਨ ਦਰਸਾਉਂਦਾ ਹੋਇਆ ਇਹ ਨੁਕਤਾ ਉਭਾਰਦਾ ਹੈ ਕਿ ਜਿਹੜੀਆਂ ਕੌਮਾਂ ਨੇ ਅਤੀਤ ਵਿਚ ਆਪਣੇ ਉੱਚੇ ਆਦਰਸ਼, ਕਿਰਦਾਰ ਅਤੇ ਕਰਮ ਨਾਲ ਮਹਾਨ ਇਤਿਹਾਸ ਸਿਰਜਿਆ ਹੈ, ਭਵਿੱਖ ਵਿਚ ਵੀ ਉਹੀ ਇਸ ਦੀ ਸਿਰਜਣਾ ਕਰਨਗੀਆਂ :

ਐ ਮੇਰੇ ਦੇਸ਼ ਦੇ ਬਾਦਸ਼ਾਹੋ !
ਇਨ੍ਹਾਂ ਲੋਕਾਂ ਦੀ ਸਾਰ ਲਵੋ
ਕਿਉਂਕਿ ਸੰਕਟ ਦੀਆਂ ਘੜੀਆਂ ਵਿਚ
ਇਹੀ ਹਿੱਕਾਂ ਡਾਹੁਣਗੇ
ਹਿਮਾਲਿਆ ਤੋਂ ਚੜ੍ਹੀਆਂ ਕਾਂਗਾਂ ਨੂੰ
ਕਿਹੜੀ ਸਿਆਸਤ ਰੋਕੇਗੀ ?

... ... ...

ਇਹੀ ਲੋਕ ਨੇ ਜਿਨ੍ਹਾਂ ਪਿੱਛੇ ਇਤਿਹਾਸ ਸਿਰਜਿਆ ਹੈ
ਅਤੇ ਅੱਗੋਂ ਨੂੰ ਵੀ ਸਿਰਜਣਗੇ।

ਕਵੀ ਨੂੰ ਉਸ ਪੁਰਾਣੇ ਪੰਜਾਬੀ ਸਭਿਆਚਾਰ ਅਤੇ ਜੀਵਨ-ਜਾਚ ਦੇ ਗੁੰਮ ਜਾਣ ਦਾ ਵੀ ਵੈਰਾਗ ਹੈ, ਜਿਸ ਦੀ ਮੂਲ ਪ੍ਰੇਰਨਾ ਸਿੱਖ



PDF created with pdfFactory Pro trial version www.pdffactory.com

ਆਦਰਸ਼ ਸਨ। ਸਿੱਖ ਅਨੁਭਵ ਨੂੰ ਪੰਜਾਬ ਦੇ ਸਭਿਆਚਾਰਕ ਫੈਲਾਅ ਵਿਚ ਕਾਵਿਕ ਅਭਿਵਿਅਕਤੀ ਪ੍ਰਦਾਨ ਕਰਨ ਵਾਲਾ ਕਵੀ ਪ੍ਰੋ. ਪੂਰਨ ਸਿੰਘ ਵੀ ਪੁਰਾਣੇ 'ਸਿੱਖ ਪੰਜਾਬ' ਦੇ ਵਾਪਸ ਪਰਤਣ ਦੀਆਂ ਅਰਦਾਸਾਂ ਕਰਦਾ ਹੈ। ਗੁਰਾਂ ਦੇ ਨਾਂ 'ਤੇ ਜਿਉਂਦੇ ਪੰਜਾਬ ਦੇ ਦਰਿਆ ਉਸ ਨੂੰ 'ਜਾਪੁ ਸਾਹਿਬ' ਗਾਉਂਦੇ ਪ੍ਰਤੀਤ ਹੁੰਦੇ ਹਨ। ਪ੍ਰਸਤੁਤ ਪੁਸਤਕ ਦੇ ਕਵੀ ਦਾ ਅੰਤਰ-ਮਨ ਵੀ ਗੁਰਾਂ ਦੇ ਨਾਂ 'ਤੇ ਜਿਉਂਦੇ ਪੰਜਾਬ ਦੀ ਪੁਨਰ-ਸੁਰਜੀਤੀ ਲਈ ਤਾਂਘਦਾ ਹੈ :

ਕਿਥੇ ਗਏ ਫ਼ੁਰਸਤ ਦੇ ਉਹ ਦਿਨ
ਜਦ ਅਸੀਂ ਕੁਦਰਤ ਨਾਲ ਇਕਮਿਕ ਹੋ ਜਾਂਦੇ ਸਾਂ
ਜਦ ਰਾਤੀਂ ਬੱਚੇ ਦਾਦੀ ਮਾਂ ਤੋਂ ਪਰੀ ਕਹਾਣੀਆਂ ਸੁਣਦੇ ਸਨ
ਮਾਵਾਂ ਦੱਸਦੀਆਂ ਸਨ ਕਿ ਕਿਵੇਂ ਤੋਤਲੇ ਬੱਚੇ
ਨੀਹਾਂ ਵਿਚ ਚਿਣੇ ਗਏ
ਜਦ ਬਜ਼ੁਰਗ ਕੌਮੀ ਇਤਿਹਾਸਾਂ ਨੂੰ ਵਾਚਦੇ ਸਨ
ਜਦ ਗੁਰਬਾਣੀ ਨੂੰ ਸੁਣਨ ਸਮਝਣ ਦਾ ਸਾਡੇ ਕੋਲ ਸਮਾਂ ਸੀ।

*(ਫ਼ੁਰਸਤ)*

ਪੁਰਾਣੇ ਇਤਿਹਾਸਕ ਗ੍ਰੰਥਾਂ ਅਤੇ ਰਚਨਾਵਾਂ ਦੀ ਅਮੀਰ ਪਰੰਪਰਾ ਦੀ ਪ੍ਰੇਰਨਾ ਕਵੀ ਦੀ ਚੇਤਨਾ ਪਿੱਛੇ ਕਾਰਜਸ਼ੀਲ ਹੈ।

> ਵਾਰਤਕ ਦੇ ਨਿਸਬਤਨ ਕਾਵਿ ਰੂਪ ਸ਼ਬਦਾਂ ਦੀ ਤਾਕਤ ਜ਼ਿਆਦਾ ਰੱਖਦਾ ਹੈ। ਸੋ ਮੈਨੂੰ ਕਾਵਿ-ਰੂਪ ਵਿਚ ਆਵੇਸ਼ ਹੋਇਆ ਹੈ। ਮੈਨੂੰ ਆਪਣੇ ਕਾਵਿ-ਰੂਪ ਦੀਆਂ ਕਮਜ਼ੋਰੀਆਂ ਬਾਰੇ ਗਿਆਨ ਹੈ, ਪਰ ਭਾਵਨਾ ਸਹੀ ਹੈ।

ਕਵੀ ਨੇ ਸਾਧਾਰਨ ਲੋਕ ਮੁਹਾਵਰੇ ਵਿਚ ਆਪਣੀ ਸਿੱਖ-ਭਾਵਨਾ ਦਾ ਕਾਵਿਕ-ਬ੍ਰਿਤਾਂਤ ਸਿਰਜਿਆ ਹੈ। ਲੋਕ-ਕਾਵਿ ਵਰਗੀ ਸਹਿਜਤਾ ਤੇ ਰਸਿਕਤਾ ਦੇ ਪ੍ਰਭਾਵ ਵੀ ਕਈ ਥਾਈਂ ('ਮਉਲੀਆਂ ਰੁੱਤਾਂ ਦੇ ਗੀਤ', 'ਸਮੇਂ ਨੂੰ ਸ਼ਿਕਵਾ', 'ਹਿਜਰਾਂ ਦੀ ਫ਼ਿਜ਼ਾ ਵਿਚ' ਅਤੇ 'ਕਵੀ ਦੀ ਖ਼ਾਲਸੇ ਪ੍ਰਤੀ ਹੂਕ' ਆਦਿ ਕਵਿਤਾਵਾਂ ਵਿਚ) ਦ੍ਰਿਸ਼ਟੀਗੋਚਰ ਹੁੰਦੇ ਹਨ। ਕਵੀ ਨੇ ਆਪਣੇ ਸਮੁੱਚੇ ਕਾਵਿ ਵਿਚ ਬੌਧਿਕ ਅਤੇ ਕਲਾਤਮਕ ਪ੍ਰਪੱਕਤਾ ਨਾਲੋਂ ਭਾਵਨਾ ਨੂੰ ਪ੍ਰਾਥਮਿਕਤਾ ਦਿੱਤੀ ਹੈ। ਸੋ ਇਸੇ ਪ੍ਰਸੰਗ ਵਿਚ ਹੀ ਹੱਥਲੇ ਕਾਵਿ-ਸੰਗ੍ਰਹਿ ਦੇ ਮਹੱਤਵ ਨੂੰ ਪਛਾਣਨਾ ਚਾਹੀਦਾ ਹੈ।

**ਮਨਜਿੰਦਰ ਸਿੰਘ (ਡਾ.)**
*ਅਸਿਸਟੈਂਟ ਪ੍ਰੋਫ਼ੈਸਰ ਤੇ ਮੁਖੀ,*
ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ,
ਸ੍ਰੀ ਗੁਰੂ ਅੰਗਦ ਦੇਵ ਕਾਲਜ,
ਖਡੂਰ ਸਾਹਿਬ (ਤਰਨ ਤਾਰਨ)



PDF created with pdfFactory Pro trial version www.pdffactory.com

# ਭੂਮਿਕਾ

ਬਹੁਤ ਲੰਬੇ ਅਰਸੇ ਤੋਂ ਮੈਂ ਪੰਜਾਬੀ ਸਾਹਿਤ ਜਗਤ ਨਾਲ ਜੁੜਿਆ ਰਿਹਾ ਹਾਂ। ਮੈਂ ਕਦੀ ਵੀ ਲੇਖਕ ਜਾਂ ਕਵੀ ਬਣਨ ਦੀ ਉਮੰਗ ਮਹਿਸੂਸ ਨਹੀਂ ਕੀਤੀ ਸੀ। ਸੱਚਾਈ ਇਹ ਸੀ ਕਿ ਮੈਂ ਉੱਚ ਕੋਟੀ ਦਾ ਪਾਠਕ ਬਣਨ ਦਾ ਸੁਪਨਾ ਸਿਰਜਦਾ ਸੀ। ਉਸ ਸੁਪਨੇ ਦੀਆਂ ਸਥਾਈ ਨੀਹਾਂ 1996 ਵਿਚ ਬਣਨੀਆਂ ਸ਼ੁਰੂ ਹੋ ਚੁੱਕੀਆਂ ਸਨ।

ਮੈਨੂੰ ਗੁਰਮਤਿ ਸਾਹਿਤ ਬਹੁਤ ਪਿਆਰਾ ਲੱਗਦਾ ਸੀ, ਕਿਉਂਕਿ ਇਹ ਮੁਰਦਿਆਣ ਛਾ ਚੁੱਕੇ ਮੇਰੇ ਵਰਗੇ ਲੋਕਾਂ ਲਈ ਨਵੀਆਂ ਉਮੰਗਾਂ ਪੈਦਾ ਕਰਦਾ ਸੀ। ਗੁਰੂ ਸਾਹਿਬ ਨੇ ਜੋ ਸ਼ਬਦ ਨੂੰ ਗੁਰੂ ਕਿਹਾ ਹੈ, ਇਸ ਦੇ ਅਰਥ ਪਾਤਾਲ ਤੋਂ ਡੂੰਘੇ ਅਤੇ ਕਹਿਕਸ਼ਾਂ ਤੋਂ ਉੱਚੇ ਹਨ।

ਆਮ ਪੰਜਾਬੀ ਜਗਤ ਦਾ ਕਦੇ ਵੀ ਸਾਹਿਤ ਪੜ੍ਹਨ ਵੱਲ ਜ਼ਿਆਦਾ ਰੁਝਾਨ ਨਹੀਂ ਹੋਇਆ। ਸੋ ਮੈਂ ਪਿਛਲੀਆਂ ਸਾਹਿਤਕ ਖੋਜਾਂ ਦੇ ਆਧਾਰ 'ਤੇ ਪਿਛਲੇਰੇ ਸਾਲਾਂ ਵਿਚ ਕੁਝ ਟ੍ਰੈਕਟ (Reference Books) ਦੇ ਤੌਰ 'ਤੇ ਛਾਪੇ ਸਨ। ਇਨ੍ਹਾਂ ਵਿਚ 'ਗੁਰਮਤਿ ਸਾਹਿਤ ਦੇ ਅਨਮੋਲ ਮੋਤੀ', 'ਗੁਰਮਤਿ ਲਹਿਰਾਂ ਅਨੰਤ ਰੰਗ' ਅਤੇ 'ਲਾਇਬ੍ਰੇਰੀ ਲਈ ਚੋਣਵੀਂ ਪੁਸਤਕ ਸੂਚੀ' ਜ਼ਿਕਰਯੋਗ ਹਨ। ਪਰ ਮੇਰੇ ਵਸੀਲੇ ਬੜੇ ਸੀਮਤ ਸਨ ਅਤੇ ਪਾਠਕਾਂ ਵੱਲੋਂ ਵੀ ਕੋਈ ਉਤਸ਼ਾਹ ਨਹੀਂ ਵਿਖਾਇਆ ਗਿਆ।

ਮੇਰੀ ਨਿੱਜੀ ਸੋਚ ਮੁਤਾਬਿਕ 'ਲਾਇਬ੍ਰੇਰੀ ਲਈ ਚੋਣਵੀਂ ਪੁਸਤਕ ਸੂਚੀ' ਸਫਲ ਯਤਨ ਸੀ। ਇਸ ਵਿਚ ਪੰਜਾਬੀ ਸਾਹਿਤ ਦੇ ਹਜ਼ਾਰਾਂ ਰੰਗ ਮੌਜੂਦ ਸਨ। ਇਹ ਹਰ ਤਰ੍ਹਾਂ ਦੇ ਪਾਠਕ ਲਈ ਉਤਸ਼ਾਹ ਪੈਦਾ ਕਰ ਸਕਦੀ ਸੀ। ਸਾਡੀਆਂ ਡਿੱਗੀਆਂ ਬਿਰਤੀਆਂ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਸੀ। ਅੱਜ ਦੇ ਦੁਬਿਧਾ-ਪੂਰਵਕ ਸਮਿਆਂ ਵਿਚ ਡਾ. ਜਸਵੰਤ ਸਿੰਘ ਨੇਕੀ ਦਾ ਕਾਵਿ ਬੁੱਧੀ ਦੀਆਂ ਗੁੰਝਲਾਂ ਨੂੰ ਖੋਲ੍ਹਦਾ ਪ੍ਰਤੀਤ ਹੁੰਦਾ ਹੈ। ਪਰੰਤੂ ਮਨੁੱਖ ਭੁੱਲਣਹਾਰ ਹੈ ਅਤੇ ਗੁਰੂ ਬਖ਼ਸ਼ ਸਕਦਾ ਹੈ।

ਫਿਰ ਮੈਂ ਆਮ ਪੰਜਾਬੀ ਜਗਤ ਦੀਆਂ ਸਾਹਿਤਕ ਮਿਲਣੀਆਂ



PDF created with pdfFactory Pro trial version www.pdffactory.com

ਵਿਚ ਸ਼ਾਮਿਲ ਹੋਣ ਲੱਗ ਪਿਆ ਸੀ, ਤਾਂ ਕਿ ਉਥੋਂ ਕੋਈ ਉਸਾਰੂ ਸੁਝਾਅ ਜ਼ਿੰਦਗੀ ਨੂੰ ਅਮੀਰ ਬਣਾਉਣ ਲਈ ਲੈ ਲਏ ਜਾਣ। ਮੈਂ ਇਨ੍ਹਾਂ ਸੁਝਾਵਾਂ ਦੀ ਉਡੀਕ ਕਰਦਾ ਰਹਿੰਦਾ ਸੀ। ਜਿਸ ਲਈ ਮੇਰੀ ਅੰਦਰੂਨੀ ਖਿੱਚ ਬਰਕਰਾਰ ਰਹਿੰਦੀ ਸੀ। ਪਰ formality ਅਤੇ ਖਿਲਾਰਾ ਬਹੁਤ ਸੀ ਅਤੇ ਪੱਲੇ ਰਾਈ ਮਾਤਰ ਵੀ ਨਹੀਂ ਪੈਂਦਾ ਸੀ। ਇਨ੍ਹਾਂ ਪ੍ਰੋਗਰਾਮਾਂ ਵਿਚ ਸਮੇਂ ਦੀ ਬਰਬਾਦੀ ਪਸ਼ਚਾਤਾਪ ਪੈਦਾ ਕਰਦੀ ਸੀ।

ਲਗਾਤਾਰ ਇਸ ਸਾਹਿਤਕ ਜਗਤ ਦੇ ਆਰਜ਼ੀ ਤਰੱਕੀ ਪਸੰਦ ਲੋਕਾਂ ਦੀ ਅਮਲੀ ਜ਼ਿੰਦਗੀ ਵਿਚ ਕਚਿਆਈ ਵੇਖ ਕੇ ਬਿਬੇਕੀ ਬੁੱਧ ਖ਼ਾਲਸੇ ਵੱਲ ਰਵਾਨਗੀ ਲੈ ਗਈ। ਅਚਨਚੇਤ ਹੀ ਮੈਥੋਂ ਅੰਤ੍ਰੀਵ ਪਏ ਕਾਵਿ ਆਵੇਸ਼ ਦੀ ਰਚਨਾ ਹੋ ਗਈ। ਹੁਣ ਪਿੱਛੇ ਕੌਣ ਹਟ ਸਕਦਾ ਸੀ। ਇਸ ਤਰ੍ਹਾਂ *ਖ਼ਾਲਸੇ ਦੇ ਅਨੰਤ ਤਰੰਗ* ਕਿਤਾਬ ਨੂੰ ਲਿਖਣ ਦੀ ਪ੍ਰੇਰਨਾ ਇਨ੍ਹਾਂ ਹਾਲਤਾਂ ਵਿਚ ਹੋਈ। ਉਸ ਤੋਂ ਬਾਅਦ ਸਬੱਬ ਠੀਕ ਦਿਸ਼ਾ ਵੱਲ ਬਣਦੇ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਾਸ਼ਮਾਨ ਸੰਸਾਰ ਵਿੱਚੋਂ ਜਾਣ ਤੋਂ ਪਹਿਲਾਂ ਪੂਰਨ ਗੁਰੂ ਦੀ ਦੇਹ ਖ਼ਾਲਸੇ ਵਿਚ ਅਤੇ ਰੂਹ ਗੁਰੂ ਗ੍ਰੰਥ ਸਾਹਿਬ ਜੀ ਵਿਚ ਰੱਖ ਦਿੱਤੀ। ਸੋ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਖ਼ਾਲਸਾ ਪੂਰਨ ਗੁਰੂ ਹੈ। ਇਸ ਤਰ੍ਹਾਂ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਨਾਮ ਰੂਪੀ ਅੰਮ੍ਰਿਤ ਅਭਿਲਾਖੀਆਂ ਨੂੰ ਵਰਤਾਉਂਦੇ ਹਨ।

ਖ਼ਾਲਸੇ ਦੇ ਨਿੱਜੀ ਅਤੇ ਸਮੂਹਿਕ ਵਰਤਾਰੇ ਨੂੰ ਨਵੇਂ ਯੁਗ ਦੇ ਅਨੁਭਵਾਂ ਮੁਤਾਬਿਕ ਬਿਆਨ ਕਰਨਾ ਹੀ ਰਚਨਾ ਦੀ ਮੁੱਖ ਪ੍ਰੇਰਨਾ ਹੈ। ਅਜਿਹਾ ਕਰਦੇ ਸਮੇਂ ਖ਼ਾਲਸੇ ਨੂੰ ਉਸ ਦੇ ਮਹਾਨ ਇਤਿਹਾਸ ਦੀਆਂ ਯਾਦਾਂ ਦਿਵਾਉਣੀਆਂ ਇਹ ਦੂਜੀ ਖ਼ਾਹਿਸ਼ ਹੈ।

ਵਾਰਤਕ ਦੇ ਨਿਸਬਤਨ ਕਾਵਿ ਰੂਪ ਸ਼ਬਦਾਂ ਦੀ ਤਾਕਤ ਜ਼ਿਆਦਾ ਰੱਖਦਾ ਹੈ। ਸੋ ਮੈਨੂੰ ਕਾਵਿ ਰੂਪ ਵਿਚ ਆਵੇਸ਼ ਹੋਇਆ ਹੈ। ਮੈਨੂੰ ਆਪਣੇ ਕਾਵਿ ਰੂਪ ਦੀਆਂ ਕਮਜ਼ੋਰੀਆਂ ਬਾਰੇ ਗਿਆਨ ਹੈ, ਪਰ ਭਾਵਨਾ ਸਹੀ ਹੈ। ਰਚਨਾ ਦੇ ਮਿਆਰ ਅਤੇ ਪ੍ਰਭਾਵ ਬਾਰੇ ਪਾਠਕਾਂ ਦੇ ਅਨੁਭਵ ਹੀ ਮਹੱਤਤਾ ਰੱਖਦੇ ਹਨ।



PDF created with pdfFactory Pro trial version www.pdffactory.com

ਮੈਂ ਕਈ ਥਾਂ 'ਕੁੜੇ' ਅਤੇ 'ਨੀ' ਸ਼ਬਦ ਦੀ ਵਰਤੋਂ ਕੀਤੀ ਹੈ। ਹੋ ਸਕਦਾ ਹੈ ਇਹ ਖ਼ਾਲਸਈ ਦ੍ਰਿਸ਼ਟੀ ਤੋਂ ਠੀਕ ਨਾ ਲੱਗਦਾ ਹੋਵੇ। ਪਰ ਨੌਜਵਾਨ ਸਿੱਖ ਬੱਚਿਆਂ ਵਿਚ ਵਿਚਰਨ ਤੋਂ ਪਤਾ ਲੱਗਦਾ ਹੈ ਕਿ ਜ਼ਿਆਦਾਤਰ ਨੌਜਵਾਨ ਲੜਕੇ ਉਹੀ ਕਰਦੇ ਹਨ, ਜੋ ਨੌਜਵਾਨ ਲੜਕੀਆਂ ਨੂੰ ਚੰਗਾ ਲੱਗਦਾ ਹੈ। ਸੋ ਅਸਲੀ ਪ੍ਰੇਰਨਾਸ੍ਰੋਤ ਨੌਜਵਾਨ ਸਿੱਖ ਬੱਚੀਆਂ ਹਨ। ਇਸੇ ਕਰਕੇ ਸਿੱਖੀ ਦੇ ਬਾਹਰੀ ਸਰੂਪ ਨੂੰ ਭਾਰੀ ਘਾਟਾ ਪਿਆ ਹੈ, ਕਿਉਂਕਿ ਜ਼ਿਆਦਾਤਰ ਨੌਜਵਾਨ ਸਿੱਖ ਬੱਚੀਆਂ ਦੀ ਪਸੰਦ ਕਲੀਨਸ਼ੇਵ ਨੌਜਵਾਨ ਲੜਕੇ ਹਨ। ਵਿਆਹ ਕਰਾਉਣ ਵੇਲੇ ਉਹ ਆਪਣੀ ਮੰਗ ਮਾਪਿਆਂ ਕੋਲ ਰੱਖ ਦਿੰਦੀਆਂ ਹਨ। ਸੋ ਮੈਂ ਆਪਣੇ ਸੰਬੋਧਨ ਵਿਚ 'ਕੁੜੇ' ਅਤੇ 'ਨੀ' ਸ਼ਬਦ ਵਰਤ ਕੇ ਨੌਜਵਾਨ ਸਿੱਖ ਬੱਚੀਆਂ ਨੂੰ ਖ਼ਾਲਸੇ ਦੇ ਮਹਾਨ (ਨਿੱਜੀ ਅਤੇ ਸਮੂਹਿਕ) ਵਿਰਸੇ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਹੈ।

ਅੰਤ ਨੂੰ ਪਾਣੀ ਗੁਰੂ ਨਾਨਕ ਸਾਹਿਬ – ਗੁਰੂ ਗੋਬਿੰਦ ਸਿੰਘ ਜੀ ਦੇ ਵਰੋਸਾਏ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਖ਼ਾਲਸਾ ਦੇ ਸ਼ਾਹਰਾਹ ਦੇ ਪੁਲਾਂ ਥਾਈਂ ਲੰਘਣਾ ਹੈ। ਦੁਨੀਆਂ ਦੇ ਸਭ ਰੰਗਾਂ ਨੂੰ ਵੇਖ ਕੇ ਪਿੱਛੇ ਇੱਕੋ ਹੀ ਰਸਤਾ ਬਚਦਾ ਹੈ :

**ਖਵਾਰ ਹੋਇ ਸਭ ਮਿਲੈਂਗੇ**
**ਬਚੇ ਸ਼ਰਨ ਜੋ ਹੋਇ।**

ਮੈਨੂੰ ਖ਼ੁਸ਼ੀ ਹੈ ਕਿ ਗੁਰੂ ਨੇ ਮੈਨੂੰ ਖ਼ਾਲਸੇ ਦੀ ਉਪਮਾ ਲਿਖਣ ਲਈ ਸਮਾਂ ਅਤੇ ਸੋਝੀ ਬਖ਼ਸ਼ੀ ਹੈ। ਇਸ ਕਰਜ਼ ਨੂੰ ਉਤਾਰ ਕੇ ਮੈਨੂੰ ਅੰਤ੍ਰੀਵ ਤੌਰ 'ਤੇ ਰਾਹਤ ਮਹਿਸੂਸ ਹੋਈ ਹੈ।

*ਦਾਸ—*
**ਸੁਖਪਾਲ ਸਿੰਘ**

ਬਠਿੰਡਾ
ਮਿਤੀ : 26-05-2012
ਦੁਪਹਿਰ 3.00 ਵਜੇ



PDF created with pdfFactory Pro trial version www.pdffactory.com

ਖ਼ਾਲੀ

PDF created with pdfFactory Pro trial version www.pdffactory.com

# ਇਲਾਹੀ ਨਦਰ ਦੀ ਯਾਦ ਵਿਚ

ਕਲਗ਼ੀ ਦੀਆਂ ਅਣੀਆਂ ਦੀ।
ਸਾਵਣ ਦੀਆਂ ਝੜੀਆਂ ਦੀ।
ਅੰਮ੍ਰਿਤ ਦੀਆਂ ਕਣੀਆਂ ਦੀ।
ਦੱਸਾਂ ਕੀ ਬਾਤ ਕੁੜੇ।
ਲੰਮੀ ਹੈ ਵਾਟ ਕੁੜੇ।

ਨੀਲੇ ਦੇ ਸਵਾਰ ਦੀ।
ਪੈਂਦੀ ਟਪਕਾਰ ਦੀ।
ਵਰ੍ਹਦੀ ਸਰਸ਼ਾਰ ਦੀ।
ਦੱਸਾਂ ਕੀ ਥਾਹ ਜੀ।
ਵੱਖਰੀ ਹੈ ਰਾਹ ਜੀ।

ਖ਼ਾਲਸੇ ਤੇਰੇ ਦੀ।
ਪੁੱਤਰਾਂ ਤੋਂ ਨੇੜੇ ਦੀ।
ਚੁਰਾਸੀਉਂ ਪਰ੍ਹੇ ਗੇੜੇ ਦੀ।
ਗੁੱਝਾ ਹੈ ਰਾਜ਼ ਜੀ।
ਵੱਖਰਾ ਹੈ ਬਾਜ਼ ਜੀ।

ਬਵੰਜਾ ਹੀ ਕਵੀਆਂ ਦੀ।
ਜੰਗ ਦੀਆਂ ਛਵ੍ਹੀਆਂ ਦੀ
ਕਰਾਂ ਮੈਂ ਅਰਜ਼ ਕੁੜੇ।
ਵੱਖਰੀ ਹੈ ਤਰਜ਼ ਕੁੜੇ।

ਰਣਜੀਤ ਨਗਾਰੇ ਦੀ।
ਅੰਬਰੀਂ ਧਮਕਾਰੇ ਦੀ।
ਜੰਗ ਦੇ ਤਿਆਰੇ ਦੀ।



PDF created with pdfFactory Pro trial version www.pdffactory.com

ਹੁੰਦੀ ਨਾ ਝੱਲ ਜੀ।
ਪਾਉਂਦੀ ਹੈ ਸੱਲ ਜੀ।

ਤੇਰਿਆਂ ਤੀਰਾਂ ਦੀ।
ਵਹਿੰਦੀਆਂ ਸ਼ਮਸ਼ੀਰਾਂ ਦੀ।
ਚੜ੍ਹਿਆਂ ਵਹੀਰਾਂ ਦੀ।
ਵੱਖਰੀ ਹੀ ਚਾਲ ਕੁੜੇ।
ਪੈਂਦੀ ਹੈ ਧਮਾਲ ਕੁੜੇ।

ਨੀਲੇ ਦੀ ਟਾਪ ਇਉਂ।
ਤਬਲੇ ਦੀ ਆਹਟ ਜਿਉਂ।
ਮਨ ਨੂੰ ਇਹ ਭਾਵੇ ਜੀ।
ਤੜਪ ਜਿਹੀ ਜਗਾਵੇ ਜੀ।

ਤੇਰੀਆਂ ਕੁਰਬਾਨੀਆਂ ਜੀ।
ਦੱਸਣ ਲਾਸਾਨੀਆਂ ਜੀ।
ਲੱਖ ਇਮਤਿਹਾਨੀਆਂ ਜੀ।
ਲਿਖਣ ਦਾ ਆਹਰ ਕੁੜੇ।
ਗਿਣਤੀ ਤੋਂ ਬਾਹਰ ਕੁੜੇ।

ਅਰਸ਼ੀਂ ਉੱਡੇ ਬਾਜ਼ ਜੀ।
ਲੱਗੇ ਕਲਾਬਾਜ਼ ਜੀ।
ਗੁੱਝੇ ਨੇ ਰਾਜ਼ ਜੀ।
ਚਿੱਟਾ ਜਿਉਂ ਚੰਨ ਜੀ।
ਅੱਖੀਆਂ ਲਵੇ ਬੰਨ੍ਹ ਜੀ।

ਤੇਰਿਆਂ ਸਾਜ਼ਾਂ ਦੀ।
ਤਾਊਸ ਦਿਆਂ ਰਾਗਾਂ ਦੀ।
ਕਵੀਆਂ ਦੇ ਰਾਜਾਂ ਦੀ।
ਕਰੀਏ ਕੀ ਬਿਆਨ ਕੁੜੇ।
ਰੁਕਦੀ ਜ਼ਬਾਨ ਕੁੜੇ।



PDF created with pdfFactory Pro trial version www.pdffactory.com

ਉਹਦੀ ਹੈ ਕਾਵਿ ਇਵੇਂ।
ਘੋੜੇ ਦੀ ਟਾਪ ਜਿਵੇਂ।
ਸਿਮਰਨ ਤੇ ਜਾਪ ਜਿਵੇਂ।
ਅਜਬ ਹੀ ਚਾਲ ਜੀ।
ਕਰਦੀ ਹੈ ਕਮਾਲ ਜੀ।

ਅਨੰਦ ਦੀ ਪੁਰੀ ਜੀ।
ਖ਼ਾਲਸੇ ਦੀ ਧੁਰੀ ਜੀ।
ਗੱਲ ਜਦ ਤੁਰੀ ਜੀ।
ਗੁੱਝੇ ਇਹ ਰਹੱਸ ਜੀ।
ਕੌਣ ਸਕੇ ਦੱਸ ਜੀ।

ਸਤਲੁਜ ਦਾ ਪਾਣੀ ਜੀ।
ਵੱਖਰੀ ਕਹਾਣੀ ਜੀ।
ਆਪਣੀ ਜ਼ਬਾਨੀ ਜੀ।
ਸਮੇਂ ਦਾ ਗਵਾਹ ਜੀ।
ਆਪੇ ਜਾਣੇ ਰਾਹ ਜੀ।



PDF created with pdfFactory Pro trial version www.pdffactory.com

## ਖ਼ਾਲਸੇ ਦੀ ਮਅਰਾਜ

ਤਾਬਿਆ ਨੇ ਪੰਜ ਜੋ,
ਸਕਦੇ ਨੇ ਵੰਡ ਜੋ,
ਸਾਰੇ ਭਿਖਾਰੀ ਹਾਂ,
ਝੋਲੀ ਅੱਡਾਰੀ ਹਾਂ।

ਅੰਮ੍ਰਿਤ ਦਾ ਤਰਜਮਾ ਕੌਣ ਕਰੇ ਜੀ।
ਗੁਰੂ ਦੀਆਂ ਤਾਕਤਾਂ ਨੂੰ ਕੌਣ ਜਰੇ ਜੀ।

ਆਪੇ ਜੀਹਨੇ ਸਾਜਿਆ।
ਗ਼ਰੀਬਾਂ ਨੂੰ ਨਿਵਾਜਿਆ।
ਅੰਦਰੋਂ ਇਹ ਪੂਰਾ ਜੀ।
ਕਰਮਾਂ ਦਾ ਸੂਰਾ ਜੀ।

ਖ਼ਾਲਸਾ ਅਥਾਹ ਜੀ।
ਵੱਖਰੇ ਨੇ ਰਾਹ ਜੀ।
ਜੱਗ ਤੋਂ ਨਿਆਰਾ ਜੀ।
ਗੁਰਾਂ ਨੂੰ ਪਿਆਰਾ ਜੀ।

ਪਦਾਰਥਾਂ ਤੋਂ ਉੱਚਾ ਜੀ।
ਜ਼ਿੰਦਗੀ ਦਾ ਸੁੱਚਾ ਜੀ।
ਸਹਿਜ ਵਿਚ ਮੁੱਚਾ ਜੀ।
ਖ਼ਾਲਸਾ ਅਥਾਹ ਨੀ।
ਦੱਸੀਏ ਕੀ ਰਾਹ ਨੀ।

ਪਾਤਸ਼ਾਹੀ ਸੁੱਚੀ ਜੀ।
ਦੁਨੀਆਂ ਤੋਂ ਉੱਚੀ ਜੀ।



PDF created with pdfFactory Pro trial version [www.pdffactory.com](www.pdffactory.com)

ਬਾਦਸ਼ਾਹੀਆਂ ਮੈਲੀਆਂ।
ਕਰਨ ਬਦਫੈਲੀਆਂ।

ਖ਼ਾਲਸੇ ਦੀ ਜੰਗ ਜੀ।
ਤੀਰ ਤੇ ਤੁਫ਼ੰਗ ਜੀ।
ਕੱਟੇ ਹੋਏ ਅੰਗ ਜੀ।
ਦੱਸਿਆ ਨਾ ਜਾਵੇ ਜੀ।
ਉੱਠਦੇ ਨੇ ਹਾਵੇ ਜੀ।

ਸ਼ਸਤਰ ਨੇ ਭਾਰੇ ਜੀ।
ਧੂੜ ਦੇ ਗ਼ੁਬਾਰੇ ਜੀ।
ਹੌਂਸਲੇ ਨੇ ਭਾਰੇ ਜੀ।
ਛੱਡਦੇ ਜੈਕਾਰੇ ਜੀ।
ਤੋਪਾਂ ਦੇ ਪਲੀਤੇ ਜੀ।
ਅੰਗ ਕੀਹਨੇ ਸੀਤੇ ਜੀ।

ਖ਼ਾਲਸੇ ਦੇ ਆਦਰਸ਼ਾਂ ਦੀ।
ਲੰਮਿਆਂ ਸੰਘਰਸ਼ਾਂ ਦੀ।
ਫਾਂਸੀ ਦੇ ਤਖ਼ਤਾਂ ਦੀ।
ਦੱਸਾਂ ਕੀ ਗੱਲ ਨੀ।
ਹੁੰਦੀ ਨਾ ਝੱਲ ਨੀ।



PDF created with pdfFactory Pro trial version www.pdffactory.com

# ਖ਼ਾਲਸੇ ਦੀ ਚੜ੍ਹਦੀ ਕਲਾ

ਸਿੰਘਾਂ ਦੀ ਚੜ੍ਹਾਈ ਕੀ ਕਰੀਏ ਬਿਆਨ ਜੀ।
ਕਲਮ ਮੇਰੀ ਅਜੇ ਹੋਈ ਨਾ ਜਵਾਨ ਜੀ।
ਮਨ ਕਹੇ ਖ਼ਾਲਸੇ ਦਾ ਕਰਜ਼ ਉਤਾਰ ਜੀ।
ਉੱਠ ਰਹੇ ਉਮਾਹ ਦਾ ਸਿਰੋਂ ਲਾਹ ਦੇ ਭਾਰ ਜੀ।
ਇਤਿਹਾਸ ਦੀ ਗੱਲ ਮੈਂ ਤਾਂ ਸ਼ੁਰੂ ਕਰਾਂਗਾ।
ਖ਼ਾਲਸੇ ਦੇ ਚਰਨਾਂ ਵਿਚ ਰੱਖ ਧਰਾਂਗਾ।

ਲੌਢੇ ਪਹਿਰ ਯਕਦਮ ਬੱਦਲ ਗੱਜਿਆ।
ਜਾਗ ਕੇ ਤੁਰੰਤ ਭੰਗੀ[1] ਫ਼ਾਇਰ ਛੱਡਿਆ।
ਸੁੱਤੇ ਪਿਆਂ ਸਾਨੂੰ ਕੌਣ ਲਲਕਾਰੇ ਜੀ।
ਖ਼ਾਲਸਾ ਵਿਖਾ ਦੂ ਉਹਨੂੰ ਹੱਥ ਕਰਾਰੇ ਜੀ।

ਘੈਬਾ[2] ਸਿੰਘ ਜਾਂਵਦਾ ਦਰਿਆਉਂ ਪਾਰ ਜੀ।
ਪਰਲੇ ਪੱਤਣ ਭੇਡਾਂ ਲਿਆਉਂਦਾ ਚਾਰ ਜੀ।
ਰੱਸੇ ਦਾ ਪੁਲ ਬਣਾਉਂਦਾ ਵਿਚਕਾਰ ਜੀ।
ਤਾਰੀਆਂ ਲਾਉਣ ਨੂੰ ਸਿੰਘ ਰਹਿੰਦਾ ਤਿਆਰ ਜੀ।
ਪਾਣੀ ਛੱਲਾਂ ਨਾਲ ਰੱਸਾ ਜਾਂਦਾ ਭਿੱਜ ਜੀ।
ਸਿੰਘ ਜੀ ਬਣਾਵੇ ਉਹਨੂੰ ਹਾਵੜਾ ਬ੍ਰਿਜ ਜੀ।
ਘੈਬੇ ਦਾ ਮਤਲਬ ਹੈ ਵੰਡਰਫੁੱਲ ਜੀ।
ਸਿੰਘ ਨੂਰੋ ਨੂਰ ਜਿਉਂ ਗੁਲਾਬੀ ਫੁੱਲ ਜੀ।

ਲਾ ਕੇ ਤਾਰੀ ਬਾਬਰ ਕਰੇ ਪੰਜ ਦਰਿਆ ਪਾਰ ਜੀ।
ਮੁਗ਼ਲ ਉਹਨੂੰ ਕਹਿੰਦੇ ਇਹ ਤਾਂ ਵੱਡਾ ਸਰਦਾਰ ਜੀ।
ਬੁੱਧ ਸਿੰਘ[3], ਘੋੜੀ ਦੇਸਾਂ ਦੋਵੇਂ ਹੁਸ਼ਿਆਰ ਜੀ।
ਸੱਤੇ ਦਰਿਆ ਸਣੇ ਘੋੜੀ ਜਾਵੇ ਪਾਰ ਜੀ।

1. ਹਕੀਕਤ ਸਿੰਘ ਭੰਗੀ। 2. ਤਾਰਾ ਸਿੰਘ ਘੈਬਾ। 3. ਬੁੱਧ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪੜਦਾਦਾ ਸਨ।



PDF created with pdfFactory Pro trial version www.pdffactory.com

ਗੁਰੂ ਆਖੇ ਖ਼ਾਲਸੇ ਨੂੰ ਕਰੋ ਜੰਗ ਜੀ।
ਪਰ ਬੇਹਥਿਆਰੇ ਨੂੰ ਨਾ ਕਰੋ ਤੰਗ ਜੀ।
ਆਲਮ ਸਿੰਘ ਸੁਣੀ ਗੁਰਾਂ ਦੀ ਬਾਤ ਜੀ।
ਠੀਕ ਕਹਿੰਦਾ ਗੱਲ, ਅੰਦਰ ਮਾਰੀ ਝਾਤ ਜੀ।
ਜੰਗਲ ਵਿਚ ਇਕ ਦਿਨ ਸਿੰਘ ਜਾਵੇ ਜੀ।
ਤਲਵਾਰ ਤੇ ਢਾਲ ਦੇ ਸ਼ਸਤਰ ਸਜਾਵੇ ਜੀ।
ਸਾਹਮਣੇ ਤੋਂ ਆ ਗਿਆ ਇਕ ਸ਼ੇਰ ਜੀ।
ਬੇਹਥਿਆਰਾ ਭਾਵੇਂ ਹੈ ਦਲੇਰ ਜੀ।
ਸਿੰਘ ਕਹਿੰਦਾ ਬਿਨਾਂ ਹਥਿਆਰੋਂ ਲੜੂੰਗਾ।
ਪਹਿਲਵਾਨਾਂ ਵਾਂਗ ਮੈਂ ਤਾਂ ਜੰਗ ਕਰੂੰਗਾ।
ਹੋ ਗਏ ਟਾਕਰੇ ਜੀ ਵਿਚ ਮੈਦਾਨ ਦੇ।
ਜ਼ੋਰ ਸੀ ਬਥੇਰਾ ਵਿਚ ਆਲਮ ਸਿੰਘ ਸਾਹਨ ਦੇ।
ਸਿੰਘ ਜੀ ਨੇ ਫੜ ਕੇ ਜਬਾੜੇ ਪਾੜ 'ਤੇ,
ਜਿੰਦ ਨਿਕਲ ਚੱਲੀ ਵਿੱਚੋਂ ਦਾਹੜ ਦਾਹੜ ਕੇ।

ਜੱਸਾ ਸਿੰਘ ਆਹਲੂ ਦਾ ਨਾਮ ਭਾਰਾ ਸੀ।
ਮੁਗ਼ਲਾਂ ਨੂੰ ਵਿਖਾਉਂਦਾ ਉਹ ਹੱਥ ਕਰਾਰਾ ਸੀ।
ਜੰਗ ਚੱਲੀ ਜਾਵੇ ਜਦ ਬਹੁਤ ਭਾਰੀ ਜੀ।
ਜੱਸਾ ਸਿੰਘ ਲਾ ਕੇ ਅੱਡੀ ਘੋੜੀ ਚਾੜ੍ਹੀ ਜੀ।
ਸਿੰਘ ਜੀ ਅਬਦਾਲੀ ਉੱਤੇ ਜਾ ਗੱਜਿਆ।
ਹਾਥੀ ਛੱਡ ਅਬਦਾਲੀ ਤਦ ਪਿੱਛੇ ਭੱਜਿਆ।
ਸਿੰਘ ਜੀ ਨੇ ਹਾਥੀ ਉੱਤੇ ਕਬਜ਼ਾ ਕਰ ਲਿਆ।
ਪਿਆਰ ਨਾਲ ਨਾਮ 'ਅਕਾਲ ਬਖ਼ਸ਼' ਧਰ ਲਿਆ।

ਜੱਸਾ ਸਿੰਘ ਰਾਮਗੜ੍ਹ ਵਿਖਾਉਂਦਾ ਤਾਰੇ ਸੀ।
ਕਿੰਨੇ ਸ਼ੇਰ ਮਾਰੇ ਉਹਦੇ ਹੱਥ ਨਿਆਰੇ ਸੀ।
ਸੱਪ ਦੇ ਡੰਗ ਨੂੰ ਉਹ ਮਖ਼ੌਲ ਕਰੇ ਜੀ।
ਕਹਿੰਦਾ ਸਿਰਫ਼ ਕਾਇਰਾਂ ਨੂੰ ਹੀ ਜ਼ਹਿਰ ਚੜ੍ਹੇ ਜੀ।

ਪੰਦਰਾਂ ਵਾਰੀ ਸਿੰਘਾਂ ਨੇ ਦਿੱਲੀ ਜਿੱਤੀ ਸੀ।
ਮੁਗ਼ਲਾਂ ਦੀ ਜੜ੍ਹ ਉਨ੍ਹਾਂ ਹਿਲਾ ਦਿੱਤੀ ਸੀ।
ਖ਼ਾਲਸੇ ਦੇ ਕਾਰਨਾਮੇ ਬੇਹਿਸਾਬ ਜੀ।
ਕਲਮ ਮੇਰੀ ਹੁਣ ਦੇਵੇ ਜਵਾਬ ਜੀ।



PDF created with pdfFactory Pro trial version www.pdffactory.com

# ਖ਼ਾਲਸੇ ਦੇ ਬੋਲੇ

ਖ਼ਾਲਸੇ ਦੇ ਬੋਲਿਆਂ ਦਾ ਜ਼ਿਕਰ ਕਰਾਂ ਜੀ।
ਚੜ੍ਹਦੀ ਕਲਾ ਦੀ ਮੈਂ ਤਾਂ ਸੂਚੀ ਧਰਾਂ ਜੀ।

ਜੰਗਲਾਂ 'ਚ ਜ਼ਿੰਦਗੀ ਨੂੰ ਕਿਵੇਂ ਜੀਣਾ ਜੀ।
ਭਾਰੀਆਂ ਮੁਸੀਬਤਾਂ 'ਚ ਕਿਵੇਂ ਥੀਣਾ ਜੀ।

ਭੁੱਜੇ ਛੋਲੇ ਖਾ ਕੇ ਸਿੰਘ ਕਰਦਾ ਆਰਾਮ ਜੀ।
ਮੌਜ ਵਿਚ ਆਖੀ ਜਾਵੇ ਇਹ ਤਾਂ ਨੇ ਬਦਾਮ ਜੀ।

ਸੋਟਾ ਚੁੱਕ ਖ਼ਾਲਸਾ ਕਰਦਾ ਬਿਆਨ ਜੀ।
ਕਹਿੰਦਾ ਇਹ ਤਾਂ ਖ਼ਾਲਸੇ ਦਾ ਅਕਲਦਾਨ ਜੀ।

ਬੁਖ਼ਾਰ ਹੋਏ ਸਿੰਘ ਨੂੰ ਮੰਜੀ ਤਿਆਰ ਜੀ।
ਕਹੀ ਜਾਣ ਆਕੜਭੰਨ ਤੋੜਦਾ ਹੰਕਾਰ ਜੀ।

ਕਾਫ਼ੀ ਤੇਜ਼ ਜਦ ਵੀ ਹਨੇਰੀ ਆਉਂਦੀ ਜੀ।
ਕਹਿੰਦੇ ਇੰਦ੍ਰਾਣੀ ਜੱਫੀਆਂ ਹੈ ਪਾਉਂਦੀ ਜੀ।

ਇਕ ਸਿੰਘ ਤੁਰੇ ਆਪਣੀ ਹੀ ਮਰਜ਼ੀ।
ਸਵਾ ਲੱਖ ਫ਼ੌਜ ਕਹਿੰਦੇ ਕੂਚ ਕਰਦੀ।

ਟੁੱਟੀ ਹੋਈ ਝੁੰਬੀ[1] ਵਿਚ ਦਿਸੇ ਆਕਾਸ਼ ਜੀ।
ਸਿੰਘ ਜੀ ਨੂੰ ਜਾਪੇ ਸ਼ੀਸ਼ ਮਹਿਲ ਦਾ ਪ੍ਰਕਾਸ਼ ਜੀ।

ਝਾੜੂ ਮਾਰੇ ਸਿੰਘ ਹੋ ਕੇ ਤਿਆਰ ਜੀ।
ਕਹਿੰਦੇ ਇਹ ਤਾਂ ਖ਼ਾਲਸੇ ਦਾ ਸੂਬੇਦਾਰ ਜੀ।

ਖ਼ਾਲਸੇ ਦੀ ਵਰਦੀ ਹੋਈ ਲੰਗਾਰ ਜੀ।
ਕਹਿੰਦੇ ਇਹ ਤਾਂ ਕਰਦੀ ਬੜਾ ਹੰਕਾਰ ਜੀ।

1. ਟੈਂਟ (Tent).



PDF created with pdfFactory Pro trial version www.pdffactory.com

ਤੁਰੀ ਜਾਵੇ ਕੁੱਤਾ ਪੱਧਰੀ ਜ਼ਮੀਨ ਜੀ।
ਕਹਿੰਦੇ ਇਹ ਤਾਂ ਖ਼ਾਲਸੇ ਦਾ ਕੁਤਬਦੀਨ ਜੀ।

ਬੋਚ ਬੋਚ ਬਿੱਲੀ ਜਦ ਪੈਰ ਧਰੇ ਜੀ।
ਸਿੰਘ ਕਹੇ ਮਲਿਕਾ ਅੱਜ ਸੈਰ ਕਰੇ ਜੀ।

ਨੇੜੇ ਆਵੇ ਹਾਥੀ ਫਿਰ ਤੁਰ ਜਾਂਵਦਾ।
ਸਿੰਘ ਕਹੇ ਕੱਟਾ ਹੈ ਕਿਧਰ ਭਾਂਵਦਾ।

ਸ਼ੂਕਦੀ ਜਿਹੀ ਰੇਲ ਦੂਰੋਂ ਤੁਰੀ ਆਵੇ ਜੀ।
ਸਿੰਘ ਕਹਿੰਦਾ ਭੂਤਨੀ ਕਿੱਧਰ ਜਾਵੇ ਜੀ।

ਨੇੜੇ ਆਉਂਦਾ ਗਧਾ ਇਕ ਵਿਚਕਾਰ ਜੀ।
ਕਹਿੰਦੇ ਇਹ ਤਾਂ ਖ਼ਾਲਸੇ ਦਾ ਥਾਣੇਦਾਰ ਜੀ।

ਮਿਰਚ ਨੂੰ ਖ਼ਾਲਸਾ ਕਹੇ ਲੜਾਕੀ ਜੀ।
ਰੱਖੋ ਜੀਭ ਉੱਤੇ ਗੱਲ ਠੀਕ ਆਖੀ ਜੀ।

ਖ਼ਾਲਸੇ ਦਾ ਅੰਨ ਜਦ ਸਾਰਾ ਖੋ ਗਿਆ।
ਕਹਿੰਦੇ ਹੁਣ ਲੰਗਰ ਮਸਤਾਨਾ ਹੋ ਗਿਆ।

ਇਕੱਠਾ ਹੋ ਕੇ ਖ਼ਾਲਸਾ ਨਿਵਾਸ ਕਰੇ ਜੀ।
ਸਿੰਘਾਂ ਦੀ ਛਾਉਣੀ ਉਹਦਾ ਨਾਮ ਧਰੇ ਜੀ।

ਐਨੀ ਸੂਚੀ ਖ਼ਾਲਸਾ ਕਬੂਲ ਕਰੋ ਜੀ।
ਕਲਮ ਵਾਲੀ ਸੇਵਾ ਨੂੰ ਚਰਨੀਂ ਧਰੋ ਜੀ।



PDF created with pdfFactory Pro trial version [www.pdffactory.com](www.pdffactory.com)

# ਖ਼ਾਲਸੇ ਦਾ ਵੱਖਰਾ ਰਾਹ

ਦੁਨੀ ਵਾਲੇ ਕੰਡੇ ਨਾਲ ਹਰ ਚੀਜ਼ ਤੋਲਦਾ,
ਪਰ ਸੂਖਮ ਜਿਹੇ ਖ਼ਾਲਸੇ ਦੇ ਰਾਹ,
ਵੇ ਅੱਲੜ੍ਹਾ ਖ਼ਾਲਸੇ ਨਾ' ਮੱਥੜਾ ਨਾ ਲਾ।

ਮੌਤੋਂ ਪਾਰ ਅਜਬ ਹੀ ਰਾਹ ਕੋਈ ਸੁਣੀਦਾ,
ਜਿਥੇ ਕੋਈ ਕਾਲ ਦੀ ਨਾ ਪਾਹ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।

ਅਠਾਰ੍ਹਵੀਂ ਸਦੀ ਦੀਆਂ ਅਜਬ ਕਹਾਣੀਆਂ,
ਜੰਗਲਾਂ 'ਚ ਜ਼ਿੰਦਗੀ ਦੇ ਚਾਅ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।

ਦੁਨੀ ਤੇਰੀ ਦੀਆਂ ਤੁੱਛ ਬਾਦਸ਼ਾਹੀਆਂ,
ਹਸ਼ਰ ਦੇ ਜਾਣਨ ਨਾ ਰਾਹ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।

ਲੱਖਾਂ ਹੀ ਮੁਸੀਬਤਾਂ 'ਚ ਉੱਚੀ ਕਿਉਂ ਅਵਸਥਾ,
ਕੌਣ ਜਾਣੇ ਅੰਦਰ ਦੇ ਰਾਹ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।

ਰੁੱਖੇ ਜਿਹੇ ਦਿਸਦੇ ਠੁਲੇ ਜਿਹੇ ਸੰਸਾਰ ਵਿਚ
ਦੁਨੀ ਦੀ ਗ਼ੁਲਾਮੀ ਝੱਲੇ ਨਾ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।

ਕਿਹੜਾ ਵੇ ਪਦਾਰਥ ਸ਼ਾਂਤ ਮਨ ਨੂੰ ਜੋ ਕਰੇ,
ਦੇਵੇ ਰੂਹ ਦੀ ਪਿਆਸ ਮਿਟਾ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।



PDF created with pdfFactory Pro trial version [www.pdffactory.com](http://www.pdffactory.com)

ਸੂਖਮ ਇਹ ਬਾਤਾਂ ਜੋ ਦੱਸ ਨਾ ਹੋਣੀਆਂ,
ਜਿੰਦ ਦੇ ਅਵੱਲੜੇ ਨੇ ਚਾਅ,
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।

ਬਾਹਰੋਂ ਭਾਵੇਂ ਖ਼ਾਲਸੇ ਨੂੰ ਕਰਦਾ ਮਖ਼ੌਲ ਤੂੰ ਤਾਂ,
ਅੰਦਰੋਂ ਕਰੇਂ ਭਾਂ ਭਾਂ
ਵੇ ਅੱਲ੍ਹੜਾ ਖ਼ਾਲਸੇ ਨਾ' ਮੱਥੜਾ ਨਾ ਲਾ।



PDF created with pdfFactory Pro trial version www.pdffactory.com

## "ਸਰਬ ਲੋਹ ਗ੍ਰੰਥ" ਵਿੱਚੋਂ

ਖ਼ਾਲਸਾ ਮੇਰੇ ਰੂਪ ਹੈ ਖ਼ਾਸ॥
ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥
ਖ਼ਾਲਸਾ ਮੇਰੋ ਮੁਖ ਹੈ ਅੰਗਾ॥
ਖ਼ਾਲਸੇ ਕੇ ਹੌਂ ਸਦ ਸਦ ਸੰਗਾ॥
ਖ਼ਾਲਸਾ ਮੇਰੋ ਇਸ਼੍ਰ ਸੁਹਿਰਦ॥
ਖ਼ਾਲਸਾ ਮੇਰੋ ਕਹੀਅਤ ਬਿਰਦ॥
ਖ਼ਾਲਸਾ ਮੇਰੋ ਪਛ ਅਰ ਪਾਤਾ॥
ਖ਼ਾਲਸਾ ਮੇਰੋ ਸੁਖ ਅਹਿਲਾਦਾ॥
ਖ਼ਾਲਸਾ ਮੇਰੋ ਮਿੱਤਰ ਸਖਾਈ॥
ਖ਼ਾਲਸਾ ਮਾਤ ਪਿਤਾ ਸੁਖਦਾਈ॥
ਖ਼ਾਲਸਾ ਮੇਰੀ ਸੋਭਾ ਸੀਲਾ॥
ਖ਼ਾਲਸਾ ਬੰਧ ਸਖਾ ਸਦ ਡੀਲਾ॥
ਖ਼ਾਲਸਾ ਮੇਰੀ ਜਾਤ ਅਰ ਪਤ॥
ਖ਼ਾਲਸਾ ਸੋ ਮਾ ਕੋ ਉਤਪਤ॥
ਖ਼ਾਲਸਾ ਮੇਰੋ ਭਵਨ ਭੰਡਾਰਾ॥
ਖ਼ਾਲਸੇ ਕਰ ਮੇਰੋ ਸਤਿਕਾਰਾ॥
ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ॥
ਖ਼ਾਲਸਾ ਮੇਰੋ ਕਰਤ ਉਧਾਰਾ॥
ਖ਼ਾਲਸਾ ਮੇਰੋ ਪਿੰਡ ਪਰਾਨ॥
ਖ਼ਾਲਸਾ ਮੇਰੀ ਜਾਨ ਕੀ ਜਾਨ॥
ਮਾਨ ਮਹਤ ਮੇਰੀ ਖ਼ਾਲਸਾ ਸਹੀ॥
ਖ਼ਾਲਸਾ ਮੇਰੋ ਸ੍ਵਾਰਥ ਸਹੀ॥
ਖ਼ਾਲਸਾ ਮੇਰੋ ਕਰੇ ਨਿਰਬਾਹ॥
ਖ਼ਾਲਸਾ ਮੇਰੋ ਦੇਹ ਅਰ ਸਾਹ॥



PDF created with pdfFactory Pro trial version www.pdffactory.com

ਖ਼ਾਲਸਾ ਮੇਰੋ ਧਰਮ ਅਰ ਕਰਮ॥
ਖ਼ਾਲਸਾ ਮੇਰੋ ਭੇਦ ਨਿਜ ਮਰਮ॥
ਖ਼ਾਲਸਾ ਮੇਰੋ ਸਤਿਗੁਰ ਪੂਰਾ॥
ਖ਼ਾਲਸਾ ਮੇਰੋ ਸੱਜਨ ਸੂਰਾ॥
ਖ਼ਾਲਸਾ ਮੇਰੋ ਬੁਧ ਅਰ ਗਿਆਨ॥
ਖ਼ਾਲਸੇ ਕਾ ਹੋ ਧਰੋ ਧਿਆਨ॥
ਉਪਮਾ ਖ਼ਾਲਸੇ ਜਾਤ ਨ ਕਹੀ॥
ਜਿਹਵਾ ਏਕ ਪਾਰ ਨਹਿ ਲਹੀ॥
ਸੇਸ ਰਸਨ ਸਾਰਦ ਸੀ ਬੁੱਧ॥
ਤਦਪ ਨ ਉਪਮਾ ਬਰਨਤ ਸੁਧ॥
ਯਾ ਮੈ ਰੰਚ ਨ ਮਿਥਿਆ ਭਾਖੀ॥
ਪਾਰਬ੍ਰਹਮ ਗੁਰ ਨਾਨਕ ਸਾਖੀ॥
ਰੋਮ ਰੋਮ ਜੇ ਰਸਨਾ ਪਾਊਂ॥
ਤਦਪ ਖ਼ਾਲਸਾ ਜਸ ਤਹਿ ਗਾਊਂ॥
ਹੌਂ ਖ਼ਾਲਸੇ ਕੋ ਖ਼ਾਲਸਾ ਮੇਰੋ॥
ਓਤ ਪੋਤਿ ਸਾਗਰ ਬੂੰਦੇਰੋ॥
ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥
ਜਬ ਲਗ ਖ਼ਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰੋਂ ਇਨ ਕੀ ਪ੍ਰਤੀਤ॥



PDF created with pdfFactory Pro trial version www.pdffactory.com

# ਸ੍ਰੀ ਦਸਮੇਸ਼ ਮਹਿਮਾ

*—ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ*

ਦੱਸੋ ਇਕ ਸ੍ਰੀ ਦਸਮੇਸ਼ ਬਿਨਾਂ,
ਇਸ ਦੇਸ ਤੋਂ ਜ਼ੁਲਮ ਮਿਟਾਏ ਕਿਸ ਨੇ।
ਸੋਹਣੇ ਲਾਡਲੇ ਤੇ ਹੋਣਹਾਰ ਬੱਚੇ,
ਦੱਸੋ ਦੇਸ ਬਦਲੇ ਮਰਵਾਏ ਕਿਸ ਨੇ।
ਇਕ ਦੁਖੀਆਂ ਦੇ ਦੁਖ ਮੇਟਨੇ ਨੂੰ,
ਸਾਰੇ ਆਪਣੇ ਸੁਖ ਗਵਾਏ ਕਿਸ ਨੇ।
ਕਰ ਆਪ ਕੁਰਬਾਨ ਪਰਿਵਾਰ ਸਾਰਾ,
ਹੋਰ ਲੱਖਾਂ ਪਰਿਵਾਰ ਬਚਾਏ ਕਿਸ ਨੇ।
ਸ੍ਰੀ ਵਾਹਿਗੁਰੂ ਨਾਮ ਪ੍ਰਚਾਰ ਕਰ ਕੇ,
ਜਨਮ ਮਰਨ ਦੇ ਫੰਦ ਕਟਾਏ ਕਿਸ ਨੇ।
ਦਰਦ ਦੁਖ ਤੇ ਮੇਟ ਕਲੇਸ਼ ਸਾਰੇ,
ਲੋਕ ਸੁਖ ਦੇ ਨਾਲ ਵਸਾਏ ਕਿਸ ਨੇ।
ਸਮੇਂ ਦੁਖ ਕਲੇਸ਼ ਦੇ ਦੂਰ ਕੀਤੇ,
ਇਹ ਸੁਖਾਂ ਦੇ ਸਮੇਂ ਵਿਖਾਏ ਕਿਸ ਨੇ।
ਮੇਟ ਜ਼ਾਲਮਾਂ ਨੂੰ ਸਣੇ ਜ਼ੁਲਮ ਦੇ ਜੀ,
ਦਿਨ ਖ਼ੁਸ਼ੀ ਦੇ ਗਏ ਮੁੜਾਏ ਕਿਸ ਨੇ।
ਸਖ਼ਤ ਵਕਤ ਗਵਾ ਕੇ ਹਿੰਦੂਆਂ ਦੇ,
ਹਿੰਦੂ ਤੁਰਕ ਹੋਣੋਂ ਸੀ ਬਚਾਏ ਕਿਸ ਨੇ।
ਬਿਨਾਂ ਇਕ ਸ੍ਰੀ ਦਸਮੇਸ਼ ਦੱਸੋ,
ਦੁਖੀ ਦੇਸ਼ ਦੇ ਦਰਦ ਵੰਡਾਏ ਕਿਸ ਨੇ।
ਨਾਲ ਜ਼ਾਲਮਾਂ ਧਰਮ ਦੇ ਦੋਖੀਆਂ ਦੇ,
ਪਰ ਹਿਤ ਲਈ ਯੁੱਧ ਮਚਾਏ ਕਿਸ ਨੇ।
ਏਡੇ ਕਸ਼ਟ ਝੱਲੇ ਉਪਕਾਰ ਲਈ,
ਮੋਏ ਖ਼ੂਨ ਜ਼ਿੰਦਾ ਕਰਵਾਏ ਕਿਸ ਨੇ।



PDF created with pdfFactory Pro trial version www.pdffactory.com

ਸਭੇ ਭਰਮ ਭਰਮਾਵਾਂ ਨੂੰ ਦੂਰ ਕਰ ਕੇ,
ਗਾਡੀ ਰਾਹ ’ਤੇ ਲੋਕ ਚਲਾਏ ਕਿਸ ਨੇ।
ਦੇ ਕੇ ਜ਼ਿੰਦਗੀ ਮੁਰਦਯਾਂ ਰੂਹਾਂ ਤਾਈਂ,
ਬਾਜ ਚਿੜੀਆਂ ਪਾਸੋਂ ਕੁਹਾਏ ਕਿਸ ਨੇ।
ਸਰਦ ਖ਼ੂਨ ਨੂੰ ਨਵੇਂ ਸਿਰ ਜੋਸ਼ ਦੇ ਕੇ,
ਚਾਅ ਗਿੱਦੜੋਂ ਸ਼ੇਰ ਬਨਾਏ ਕਿਸ ਨੇ।
ਦੇ ਆਤਮਿਕ ਸ਼ਕਤ ਭਰਪੂਰ ਕੀਤੇ,
ਪਸ਼ੂ ਦੇਵਤੇ ਕਰ ਤਰਾਏ ਕਿਸ ਨੇ।
ਜ਼ੁਲਮ ਜ਼ਾਲਮਾਂ ਦੇ ਹੁੰਦੇ ਹਿੰਦੂਆਂ ’ਤੇ,
ਤਰਸ ਖਾ ਕੇ ਹਥਿਆਰ ਉਠਾਏ ਕਿਸ ਨੇ।
ਲੜ ਇਕ ਅਕਾਲ ਫੜਾ ਕਰ ਕੇ,
ਭਾਰੇ ਵਹਿਮਾਂ ਦੇ ਜਾਲ ਤੁੜਾਏ ਕਿਸ ਨੇ।
ਮਰ ਚੱਲਿਆ ਸੀ ਹਿੰਦ ਭਰਮ ਸਾਰਾ,
ਬੇੜੇ ਮੰਝਧਾਰੋਂ ਬੰਨ੍ਹੇ ਲਾਏ ਕਿਸ ਨੇ।
ਮਲੀਆਮੇਟ ਹੁੰਦੀ ਹਿੰਦਵਾਇਨ ਰੱਖੀ,
ਇਹ ਡਿੱਗੇ ਨਿਸ਼ਾਨ ਝੁਲਾਏ ਕਿਸ ਨੇ।
ਟਾਲੇ ਸ਼ਰ੍ਹਾ ਵਾਲੇ ਧਿੰਗਾਸ਼ਾਹੀ ਕਰਨੋਂ,
ਮੂਜੀ ਮੁਗ਼ਲ ਪਠਾਨ ਡਰਾਏ ਕਿਸ ਨੇ।
ਏਕਤਾ ਦਾ ਬੀਜ ਕੇ ਬੀਜ ਹੱਥੀਂ,
ਬੂਟੇ ਫੁੱਟ ਦੇ ਜੜ੍ਹੋਂ ਪੁਟਾਏ ਕਿਸ ਨੇ।
ਕਿਧਰੇ ਗਈ ਫਾਹੀ ਊਚਨੀਚਤਾ ਦੀ,
ਇਕ ਪੰਥ ਕਰ ਇਕ ਮਿਲਾਏ ਕਿਸ ਨੇ।
ਨੇਕ ਟੋਰ ਕੇ ਰਾਹ ਕਰਤਾਰ ਸਿੰਘਾ,
ਪਾਪ ਬਿਨਾਂ ਦਸਮੇਸ਼ ਉਡਾਏ ਕਿਸ ਨੇ।

*(‘ਤੇਗ਼ ਖ਼ਾਲਸਾ’ ਵਿੱਚੋਂ ਧੰਨਵਾਦ ਸਹਿਤ)*



PDF created with pdfFactory Pro trial version www.pdffactory.com

# ਪੰਥ ਮਹਿਮਾ

*—ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ*

ਦੇਸ ਹੋ ਜਾਂਦਾ ਬਰਬਾਦ ਸਾਰਾ,
ਜੇ ਤਾਂ ਖ਼ਾਲਸਾ ਤੇਗ਼ ਚਲਾਉਂਦਾ ਨਾ।
ਸਾਰੇ ਦੀਨ ਮੁਹੰਮਦੀ ਛਾਏ ਜਾਂਦਾ,
ਨਜ਼ਰ ਇਕ ਹਿੰਦੂ ਕਿਤੇ ਆਉਂਦਾ ਨਾ।
ਕੌਣ ਰੋਕਦਾ ਸ਼ਰ੍ਹਾ ਦੇ ਜ਼ੋਰ ਤਾਈਂ,
ਸਿੰਘ ਪੰਥ ਜੇ ਗੁਰੂ ਰਚਾਉਂਦਾ ਨਾ।
ਵਾਲੀ ਕੌਣ ਪੰਜਾਬ ਦਾ ਸੀ ਭਾਈ,
ਤਰਸ ਏਸ ਦਾ ਕਿਸੇ ਨੂੰ ਭਾਉਂਦਾ ਨਾ।
ਯਾ ਤੇ ਲੋਕ ਸਾਰੇ ਮੁਸਲਮਾਨ ਬਣਦੇ,
ਹਿੰਦੂ ਨਾਮ ਕੋਈ ਅਖਵਾਉਂਦਾ ਨਾ।
ਯਾ ਤੇਗ਼ ਦੀ ਧਾਰ ਰੁੜ੍ਹ ਦੇਸ ਜਾਂਦਾ,
ਦੁਖੀ ਫਸੇ ਨੂੰ ਕੋਈ ਛੁਡਾਉਂਦਾ ਨਾ।
ਹੱਲੇ ਗ਼ਜ਼ਨੀ ਕੰਧਾਰ ਦੇ ਰੋੜ੍ਹ ਜਾਂਦੇ,
ਖੋਜ ਹਿੰਦ ਦਾ ਕਿਤੇ ਥਿਆਉਂਦਾ ਨਾ।
ਉਡਾ ਖੜਦੀਆਂ ਕੱਖ ਹਨੇਰੀਆਂ ਏਹ,
ਅੱਗੇ ਖ਼ਾਲਸਾ ਜੇ ਹਿੱਕਾਂ ਡਾਹੁੰਦਾ ਨਾ।
ਘਰ ਘਰ ਕੁਰਾਨ ਹਦੀਸ ਵੜਦੀ,
ਕਿਤੇ ਵੇਦ ਦਾ ਵਾਕਨਾ ਪਾਉਂਦਾ ਨਾ।
ਸਾਰੇ ਸੁੰਨਤ ਰਸੂਲ ਦੀ ਹੋ ਜਾਂਦੀ,
ਸੰਸਕਾਰ ਹਿੰਦੂ ਕੋਈ ਕਰਾਉਂਦਾ ਨਾ।
ਸਾਰੇ ਸ਼ਕਲ ਸ਼ਰਅਈ ਹੋ ਲੋਕ ਜਾਂਦੇ,
ਜੰਞੂ ਬੋਦੀ ਟਿੱਕਾ ਕੋਈ ਲਾਉਂਦਾ ਨਾ।
ਖੋਜੇ, ਮੌਲਵੀ, ਖ਼ਾਂ ਹੋ ਮੀਏਂ ਬਹਿੰਦੇ,
ਬਾਹਮਣ ਛਤਰੀ ਕੋਈ ਸਦਾਉਂਦਾ ਨਾ।



PDF created with pdfFactory Pro trial version www.pdffactory.com

ਇਕ ਮਜ਼੍ਹਬ ਪੰਜਾਬ ਹੋ ਕੁਲ ਜਾਂਦਾ,
ਹਿੰਦੂ ਧਰਮ ਮੁੜ ਸ਼ਕਲ ਦਿਖਾਉਂਦਾ ਨਾ।
ਥਾਂ ਥਾਂ ਮਸੀਤ ਪ੍ਰਤੀਤ ਹੁੰਦੀ,
ਮੰਦਰ ਤੀਰਥਾਂ ਨਾਮ ਰਹਾਉਂਦਾ ਨਾ।
ਨਾ ਕੋਈ ਪੂਜਦਾ ਦੇਵੀ ਦੁਆਰਿਆਂ ਨੂੰ,
ਪਾਣੀ ਸ਼ਿਵਾਂ ਨੂੰ ਕੋਈ ਚੜ੍ਹਾਉਂਦਾ ਨਾ।
ਹੋਮ ਧੂਪ ਦਾ ਕੋਈ ਨਾ ਨਾਮ ਲੈਂਦਾ,
ਕੋਈ ਸੰਖ ਘੜਿਆਲ ਖੜਕਾਉਂਦਾ ਨਾ।
ਏਹ ਗਾਇਤਰੀ ਸੰਧਿਆ ਉੱਠ ਜਾਂਦੀ,
ਆਰੀਆ ਮਤ ਖਰੂਦ ਮਚਾਉਂਦਾ ਨਾ।
ਹੁੰਦੀ ਬਾਂਗ ਸਲਵਾਤ ਤੇ ਲਾਇਲਾ,
ਓਅੰ, ਰਾਮ, ਕ੍ਰਿਸ਼ਨ ਧਿਆਉਂਦਾ ਨਾ।
ਮੁਹੰਮਦ, ਦੀਨ, ਗ਼ੁਲਾਮ, ਰਸੂਲ ਬਣਦੇ,
ਕ੍ਰਿਸ਼ਨ ਦਾਸ ਕੋਈ ਅਖਵਾਉਂਦਾ ਨਾ।
ਭੁੱਖ, ਦੁਖ ਸਦਾ ਪੇਸ਼ ਪਏ ਰਹਿੰਦੇ,
ਕੋਈ ਭਾਜੜਾਂ ਤਈਂ ਹਟਾਉਂਦਾ ਨਾ।
ਧਾੜਾਂ ਕਾਬਲੀ ਪੈਂਦੀਆਂ ਰਹਿੰਦੀਆਂ ਜੀ,
ਸਮਾਂ ਸੁਖ ਦੀ ਸ਼ਕਲ ਵਟਾਉਂਦਾ ਨਾ।
ਮਿਟੀ ਦੇਸ ਦੀ ਜਾਂਵਦੀ ਉੱਡ ਸਾਰੀ,
ਸਿੰਘ ਪੰਥ ਜੇ ਤੇਗ਼ ਉਠਾਉਂਦਾ ਨਾ।
ਭਲਾ ਹੋਵੇ ਜੀ ਉਨ੍ਹਾਂ ਬਹਾਦਰਾਂ ਦਾ,
ਸਾਥੋਂ ਦਿੱਤਾ ਅਹਿਸਾਨ ਤਾਂ ਜਤਾਉਂਦਾ ਨਾ।
ਯਾਦ ਰੱਖੇਗਾ ਦੇਸ ਕਰਤਾਰ ਸਿੰਘਾ,
ਨੇ ਮਰਦ ਅਹਿਸਾਨ ਭੁਲਾਉਂਦਾ ਨਾ।

*('ਤੇਗ਼ ਖ਼ਾਲਸਾ' ਵਿੱਚੋਂ ਧੰਨਵਾਦ ਸਹਿਤ)*



PDF created with pdfFactory Pro trial version www.pdffactory.com

# ਸਿੰਘ ਮਹਿਮਾ

*—ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ*

ਨਿਰੇ ਜੰਗ ਭਰੇ ਹਿੱਸੇ ਏਸ ਅੰਦਰ,
ਸਿੰਘਾਂ ਤੇਗ਼ ਵਾਹੀ ਕਿਸੇ ਕਾਨ ਬਦਲੇ।
ਅੱਧੀ ਸਦੀ ਤੋਂ ਵੱਧ ਤਾਂ ਰਹੇ ਲੜਦੇ,
ਕੀਤੇ ਜੰਗ ਵੱਡੇ ਕਿਸੇ ਆਨ ਬਦਲੇ।
ਦੂੰਹ ਬਾਦਸ਼ਾਹਾਂ ਦੇ ਦੰਦ ਭੰਨ ਸੁੱਟੇ,
ਝੱਲੇ ਦੁਖ ਕਿਸੇ ਨੁਕਸਾਨ ਬਦਲੇ।
ਸਿੰਘਾਂ ਏਡੀਆਂ ਘਾਲਨਾ ਘਾਲੀਆਂ ਏਹ,
ਜ਼ੁਲਮ ਜ਼ੋਰ ਦੇ ਸਿਰਫ਼ ਉਠਾਉਣ ਬਦਲੇ।
ਸਦੀਆਂ ਦੁਖ ਝੱਲੇ ਆਪ ਖ਼ਾਲਸੇ ਨੇ,
ਦੇਸ ਨਾਲ ਆਰਾਮ ਵਸਾਉਣ ਬਦਲੇ।
ਜਾਨਾਂ ਵਿਚ ਮੈਦਾਨ ਦੇ ਦੇਂਵਦੇ ਰਹੇ,
ਦੁਖੀ ਲੋਕਾਂ ਦੀ ਜਾਨ ਛੁਡਾਉਣ ਬਦਲੇ।
ਸੁਖ ਆਪਣੇ ਕਰ ਕੁਰਬਾਨ ਛੱਡੇ,
ਦੇਸ ਭਾਈਆਂ ਨੂੰ ਸੁਖ ਪਹੁੰਚਾਣ ਬਦਲੇ।
ਆਪ ਜੰਗਲਾਂ ਦੇ ਵਿਚ ਰਹੇ ਰੁਲਦੇ,
ਲੋਕ ਮੰਗਲਾਂ ਵਿਚ ਵਸਾਉਣ ਬਦਲੇ।
ਰਹੇ ਵਿਛੜੇ ਆਪਣੇ ਟੱਬਰਾਂ ਤੋਂ,
ਲੋਕ ਟੱਬਰਾਂ ਵਿਚ ਬਠਾਉਣ ਬਦਲੇ।
ਬੱਚੇ, ਬੱਚੀਆਂ ਆਪਣੇ ਵਾਰ ਸੁੱਟੇ,
ਦੇਸੀਂ ਬੱਚਿਆਂ ਤਾਈਂ ਬਚਾਉਣ ਬਦਲੇ।
ਖੇਡ ਆਪ ਤਲਵਾਰ ਦੀ ਖੇਡਦੇ ਰਹੇ,
ਖੇਡ ਲੋਕਾਂ ਨੂੰ ਖ਼ੁਸ਼ੀ ਖਿਡਾਉਣ ਬਦਲੇ।
ਦੁਖ ਭੁਖ ਦੇ ਝੱਲਦੇ ਆਪ ਰਹੇ,
ਦੁਖ ਭੁਖ ਲੋਕਾਂ ਦੀ ਮਿਟਾਉਣ ਬਦਲੇ।



PDF created with pdfFactory Pro trial version www.pdffactory.com

ਖ਼ੂਨ ਨਾਲ ਚੱਪਾ ਚੱਪਾ ਜ਼ਿਮੀਂ ਸਿੰਜੀ,
ਜ਼ੁਲਮੀਂ ਠਾਣਿਆਂ ਤਾਈਂ ਚੁਕਾਉਣ ਬਦਲੇ।
ਟੋਟੇ ਵਿਚ ਮੈਦਾਨਾਂ ਦੇ ਹੋਂਵਦੇ ਰਹੇ,
ਟੁੱਟੇ ਦੇਸ ਦੇ ਭਾਗ ਮਲਾਉਣ ਬਦਲੇ।
ਆਪ ਸੂਲੀਆਂ 'ਤੇ ਚੜ੍ਹ ਦੁਖ ਸਹੇ,
ਅਨਿਆਇ ਦੀ ਸੂਲ ਪੁਟਾਉਣ ਬਦਲੇ।
ਬਾਦਸ਼ਾਹਾਂ ਦੇ ਕਹਿਰ ਨੂੰ ਝੱਲਦੇ ਰਹੇ,
ਏਸ ਦੇਸ ਨੂੰ ਲਹਿਰ ਵਿਖਾਉਣ ਬਦਲੇ।
ਹਿੰਦੂ ਗਊ ਸੀ ਬੇ-ਤਰਾਨ ਹੋਈ,
ਪੰਜੇ ਸ਼ੇਰਾਂ ਦੇ ਵਿੱਚੋਂ ਕਢਾਉਣ ਬਦਲੇ।
ਪੰਜੇ ਮੌਤ ਦੇ ਵਿਚ ਜਾ ਫਸਦੇ ਰਹੇ,
ਵੱਡਾ ਪਰਉਪਕਾਰ ਕਮਾਉਣ ਬਦਲੇ।
ਗੱਲਾਂ ਕੇਹੜੀਆਂ ਅੱਜ ਮੈਂ ਗਿਣ ਦੱਸਾਂ,
ਸਿੰਘਾਂ ਕੀਤੀਆਂ ਜੋ ਹਿੰਦੁਸਤਾਨ ਬਦਲੇ।
ਸੱਚ ਛਪਦਾ ਨਹੀਂ ਕਰਤਾਰ ਸਿੰਘਾ,
ਲਿਖੀਆਂ ਨਹੀਂ ਅਹਿਸਾਨ ਜਤਾਉਣ ਬਦਲੇ।

*('ਤੇਗ਼ ਖ਼ਾਲਸਾ' ਵਿੱਚੋਂ ਧੰਨਵਾਦ ਸਹਿਤ)*



PDF created with pdfFactory Pro trial version www.pdffactory.com

# ਉਪਮਾ ਸਰਦਾਰ ਹਰੀ ਸਿੰਘ ਨਲੂਆ

*—ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ*

ਜਿਹੜੇ ਕੰਮ ਨਾ ਮੁਮਕਿਨ ਹਿੰਦ ਅੰਦਰ,
ਸਾਰੇ ਕਰ ਦਿਖਾਏ ਓਹ ਹਰੀ ਸਿੰਘ ਨੇ।
ਜਿਹੜੇ ਦੇਸ ਨਾ ਨਿਵੇਂ ਸਨ ਕਿਸੇ ਪਾਸੋਂ,
ਜ਼ੋਰ ਤੇਗ਼ ਨਿਵਾਇ ਓਹ ਹਰੀ ਸਿੰਘ ਨੇ।
ਜਿਹੜੇ ਲੁੱਟਦੇ ਹਿੰਦ ਨੂੰ ਚਿਰਾਂ ਤੋਂ ਸਨ,
ਦਰ੍ਯੋਂ ਪਾਰ ਲੰਘਾਇ ਓਹ ਹਰੀ ਸਿੰਘ ਨੇ।
ਰਹੇ ਡਰਾਵੰਦੇ ਕਾਬਲੀ ਹਿੰਦ ਤਾਈਂ,
ਸੀ ਡਰਾਇ ਕੰਬਾਇ ਓਹ ਹਰੀ ਸਿੰਘ ਨੇ।
ਮੰਨੀ ਈਨ ਨਾ ਕਿਸੇ ਦੀ ਕਦੇ ਜਿਨ੍ਹਾਂ,
ਰਿੱਛਾਂ ਵਾਂਗ ਨਚਾਇ ਓਹ ਹਰੀ ਸਿੰਘ ਨੇ।
ਅੱਠ ਸੌ ਬਰਸਾਂ ਜਿਨ੍ਹਾਂ ਹਿੰਦ ਲੁੱਟੀ,
ਸਾਰੇ ਝੰਬ ਬੈਠਾਇ ਓਹ ਹਰੀ ਸਿੰਘ ਨੇ।
ਹਊਆ ਬਣਿਆ ਪਠਾਣਾਂ ਦੇ ਬੱਚਿਆਂ ਦਾ,
ਹੱਥ ਕਰੜੇ ਲਾਇ ਓਹ ਹਰੀ ਸਿੰਘ ਨੇ।
ਪਰਤ ਫੇਰ ਪਠਾਣ ਨਾ ਟੱਪ ਸਕੇ,
ਬੰਨ੍ਹ ਪੱਕੇ ਲਗਾਇ ਓਹ ਹਰੀ ਸਿੰਘ ਨੇ।
ਖਹਿੜਾ ਛੱਡ ਪਸ਼ੌਰ ਦਾ ਗਏ ਉੱਕਾ,
ਤੇਗ਼ਾਂ ਮਾਰ ਡਰਾਇ ਓਹ ਹਰੀ ਸਿੰਘ ਨੇ।
ਖ਼ਤਰੇ ਹਿੰਦ ਨੂੰ ਜਿਨ੍ਹਾਂ ਦੀਆਂ ਭਾਜੜਾਂ ਦੇ,
ਹੱਦੋਂ ਪਾਰ ਟਪਾਇ ਓਹ ਹਰੀ ਸਿੰਘ ਨੇ।
ਰਾਜਪੂਤ, ਮਰਹੱਟੇ ਹਰਾਇ ਜਿਨ੍ਹਾਂ,
ਜ਼ੋਰ ਤੇਗ਼ ਭਜਾਇ ਓਹ ਹਰੀ ਸਿੰਘ ਨੇ।
ਅਣਹੋਂਦ ਖ਼ਿਆਲ ਕਰਤਾਰ ਸਿੰਘਾ,
ਸਭ ਸਿਰੇ ਚੜ੍ਹਾਇ ਓਹ ਹਰੀ ਸਿੰਘ ਨੇ।

*('ਦਲੇਰ ਖ਼ਾਲਸਾ' ਵਿੱਚੋਂ ਧੰਨਵਾਦ ਸਹਿਤ)*



PDF created with pdfFactory Pro trial version www.pdffactory.com

# ਇਤਿਹਾਸ ਦੀ ਚਾਲ

*—ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ*

ਇੱਕੋ ਜਿਹੇ ਨਾ ਦਿਨ ਰਹੇ ਦੇਸ਼ ਉੱਤੇ,
ਕਈ ਰੰਗ ਜ਼ਮਾਨਾ ਲਿਆਉਂਦਾ ਏ।
ਕਦੇ ਗ਼ਮੀ ਦੇ ਵਿਚ ਰੁਵਾਈ ਰਹੇ,
ਕਦੇ ਖ਼ੁਸ਼ੀ ਦੇ ਦਿਨ ਦਿਖਾਉਂਦਾ ਏ।
ਕਰੇ ਥੇਹ ਉਜਾੜ ਕੇ ਵਸਤੀਆਂ ਨੂੰ,
ਥੇਹ ਉੱਜੜੇ ਕਦੇ ਵਸਾਉਂਦਾ ਏ।
ਕਦੇ ਥਲਾਂ ਦੇ ਵਿਚ ਦਰਿਆ ਵਗਣ,
ਰੇਤੇ ਸ਼ੌਹ ਸੁਕਾ ਉਡਾਉਂਦਾ ਏ।
ਕਦੇ ਇਕ ਤੋਂ ਕਰ ਸਹੰਸ ਦੇਵੇ,
ਕਦੇ ਲੱਖ ਤੋਂ ਕੱਖ ਕਰਾਉਂਦਾ ਏ।
ਕਦੇ ਕੀੜੀਆਂ ਨੂੰ ਥਾਪ ਦੇ ਸ਼ਾਹੀ,
ਕਦੇ ਸ਼ਾਹਾਂ ਨੂੰ ਗਰਦ ਮਲਾਉਂਦਾ ਏ।
ਕਦੇ ਨੀਵੇਂ ਉੱਚੇ ਕਦੇ ਉੱਚੇ ਨੀਵੇਂ,
ਅਦਲ ਬਦਲ ਹਮੇਸ਼ ਰਖਾਉਂਦਾ ਏ।
ਵੇਖੀ ਜਾਹ ਖ਼ੁਸ਼ ਹੋ ਕਰਤਾਰ ਸਿੰਘਾ,
ਜਿਹੜਾ ਰੰਗ ਤੇਰੇ ਅੱਗੇ ਆਉਂਦਾ ਏ।

*('ਸਿਦਕ ਖ਼ਾਲਸਾ' ਵਿੱਚੋਂ ਧੰਨਵਾਦ ਸਹਿਤ)*



PDF created with pdfFactory Pro trial version www.pdffactory.com

# ਖ਼ਾਲਸੇ ਦੀ ਸ਼ਰਨ

ਖ਼ਾਲਸੇ ਦੀ ਸ਼ਰਨਨ ਜੀ।
ਕਰੀਏ ਕੀ ਵਰਨਣ ਜੀ।
ਸੀਸ ਗੰਜ ਹੈ ਗਵਾਹ ਜੀ।
ਆਪੇ ਦੱਸੇ ਰਾਹ ਜੀ।

ਖ਼ਾਲਸਈ ਪਰਤਾਪ ਜੀ।
ਕੌਣ ਸਕੇ ਝਾਕ ਜੀ।
ਅੱਖਾਂ ਚੁੰਧਿਆਉਣ ਜੀ।
ਸਿਰ ਨੂੰ ਨਿਵਾਉਣ ਜੀ।
ਧਰਤੀ ਦੀ ਆਸ ਜੀ।
ਕਹਿਕਸ਼ਾਂ ਨਿਵਾਸ ਜੀ।



PDF created with pdfFactory Pro trial version www.pdffactory.com

# ਕਵੀ ਦੀ ਖ਼ਾਲਸੇ ਪ੍ਰਤੀ ਹੂਕ

ਚਰਖਾ ਮੈਂ ਆਪਣਾ ਕੱਤਾਂ
ਵੇ ਤੰਦ ਤੇਰਿਆਂ ਦੁੱਖਾਂ ਦੇ ਪਾਵਾਂ।



PDF created with pdfFactory Pro trial version www.pdffactory.com

# ਅੰਤਰੀਵ ਅਰਦਾਸ

ਖ਼ਾਲਸੇ ਦੀ ਹੋਵੇ ਸਦਾ ਚੜ੍ਹਦੀ ਕਲਾ।
ਚੜ੍ਹਦੀ ਕਲਾ ਤੋਂ ਹੋਵੇ ਸਭ ਦਾ ਭਲਾ।



PDF created with pdfFactory Pro trial version www.pdffactory.com

# ਹਿੱਕਾਂ ਡਾਹੁਣ ਵਾਲੇ ਲੋਕ

ਐ ਮੇਰੇ ਦੇਸ਼ ਦੇ ਬਾਦਸ਼ਾਹੋ!
ਜ਼ਰਾ ਇਤਿਹਾਸ ਵੱਲ ਨਜ਼ਰ ਮਾਰੋ
ਕਿਉਂਕਿ ਦੂਜੇ ਦੇਸ਼ਾਂ ਤੋਂ ਹੋਣ ਵਾਲੇ ਹੱਲਿਆਂ ਨੂੰ
ਵੋਟਾਂ ਨਹੀਂ ਰੋਕਦੀਆਂ
ਸਿੱਖ, ਰਾਜਪੂਤ, ਮਰਹੱਟਿਆਂ ਦੇ ਇਤਿਹਾਸ ਫਰੋਲੋ
ਕਿਵੇਂ ਉਹ ਹਿੱਕਾਂ ਡਾਹ ਕੇ ਲੜਦੇ ਰਹੇ
ਜਿਨ੍ਹਾਂ ਜ਼ਾਲਮਾਂ ਨਾਲ ਇਹਨਾਂ ਟੱਕਰ ਲਈ
ਉਹ ਮਾਮੂਲੀ ਨਹੀਂ ਸਨ
ਇਨ੍ਹਾਂ ਲੋਕਾਂ ਨੇ ਅੱਜ ਰੂਸ ਨੂੰ ਭਜਾ ਛੱਡਿਆ ਹੈ
ਹੁਣ ਅਮਰੀਕਾ ਵਾਲੇ ਵਾਹਣੀਂ ਪਏ ਫਿਰਦੇ ਹਨ
ਪਰ ਸਾਡੀਆਂ ਕਾਣੀਆਂ ਹਕੂਮਤਾਂ ਨੇ
ਇਨ੍ਹਾਂ ਦੀ ਕਦਰ ਨਹੀਂ ਪਾਈ
ਸਿੱਖਾਂ ਨੇ ਤਾਂ ਇਨ੍ਹਾਂ ਜਰਵਾਣਿਆਂ ਦੀ
ਹਿੱਕ 'ਤੇ ਠਾਣਾ ਬਿਠਾਇਆ ਸੀ
ਕੀ ਤੁਸੀਂ ਜਮਰੌਦ ਦੇ ਕਿਲ੍ਹੇ ਨੂੰ ਭੁੱਲ ਗਏ ਹੋ
ਐ ਮੇਰੇ ਦੇਸ਼ ਦੇ ਬਾਦਸ਼ਾਹੋ!
ਇਨ੍ਹਾਂ ਲੋਕਾਂ ਦੀ ਸਾਰ ਲਵੋ
ਕਿਉਂਕਿ ਸੰਕਟ ਦੀਆਂ ਘੜੀਆਂ ਵਿਚ
ਇਹੀ ਹਿੱਕਾਂ ਡਾਹੁਣਗੇ
ਹਿਮਾਲਿਆ ਤੋਂ ਚੜ੍ਹੀਆਂ ਕਾਂਗਾਂ ਨੂੰ
ਕਿਹੜੀ ਸਿਆਸਤ ਰੋਕੇਗੀ ?
ਇਹੀ ਹਿੱਕਾਂ ਹਿਮਾਲਿਆ ਅਤੇ ਕਸ਼ਮੀਰ ਵਿਚ
ਕੰਮ ਆਉਣਗੀਆਂ
ਥੱਲਿਉਂ ਬਰਫ਼ ਅਤੇ ਸਾਹਮਣੇ ਵਰ੍ਹਦੀ ਅੱਗ ਵਿਚ
ਇਹ ਹਿੱਕਾਂ ਹੀ ਸਾਡੀ ਤਾਕਤ ਨੇ



PDF created with pdfFactory Pro trial version www.pdffactory.com

ਵੋਟ ਪਰਚੀਆਂ ਤਾਂ ਅਜਿਹੇ ਮੌਸਮਾਂ ਵਿਚ
ਗਲ ਜਾਂਦੀਆਂ ਹਨ
ਇਹੀ ਲੋਕ ਨੇ ਜਿਨ੍ਹਾਂ ਪਿੱਛੇ ਇਤਿਹਾਸ ਸਿਰਜਿਆ ਹੈ
ਅਤੇ ਅੱਗੋਂ ਨੂੰ ਵੀ ਸਿਰਜਣਗੇ



PDF created with pdfFactory Pro trial version www.pdffactory.com

# ਕਲਾਸਵਾਲੀਆ ਦੀ ਯਾਦ ਵਿਚ

ਐ ਕਲਮ ਦੇ ਧਨੀ! ਤੂੰ ਵਾਕਈ ਕਲਮ ਦਾ ਜਰਨੈਲ ਸੀ
ਤੂੰ ਹਿੱਕ ਡਾਹ ਕੇ ਇਤਿਹਾਸ ਲਿਖਿਆ ਹੈ
ਜਦ ਵੀ ਤੇਰੀ ਕਲਮ ਵਹੀ
ਇਸ ਨੇ ਨਿਆਂ ਕਰ ਵਿਖਾਇਆ।

ਤੂੰ ਪਠਾਣਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ
ਤੂੰ ਅੰਗਰੇਜ਼ਾਂ ਦੇ ਸਮਾਜ ਸੁਧਾਰਾਂ ਨੂੰ ਸਲਾਹਿਆ
ਤੇਰੀ ਕਲਮ ਸਾਫ਼ਗੋਈ ਨਾਲ ਇਤਿਹਾਸ ਪੇਸ਼ ਕਰਦੀ ਰਹੀ
ਤੂੰ ਲਿਵ ਜੋੜ ਕੇ ਹੀ ਇਤਿਹਾਸ ਦੀ ਰਚਨਾ ਕੀਤੀ
ਤੂੰ ਸਾਰੇ ਹਵਾਲੇ ਘੋਖ ਕੇ ਹੀ ਇਤਿਹਾਸ ਦੇ ਸ਼ਬਦ ਰਚੇ
ਤੇਰੀ ਭਾਵੇਂ ਰਾਜ ਦਰਬਾਰੇ ਕਦਰ ਨਹੀਂ ਪਈ
ਪਰ ਤੂੰ ਅਵੱਲੇ ਸ਼ੌਂਕ ਪਾਲਦਾ ਰਿਹਾ
ਤੂੰ ਲਿਖਣ ਵੇਲੇ ਵਾਕਿਆ ਨੂੰ ਸਾਖਿਆਤ ਕਰ ਦਿੰਦਾ ਹੈਂ
ਇਤਿਹਾਸ ਦੀ ਯਾਦ ਮਨ ਵਿਚ ਵੱਸਣ ਲੱਗਦੀ ਹੈ
ਤੇਰੇ ਰਚੇ ਇਤਿਹਾਸ ਨੂੰ ਵਿਚਕਾਰ ਛੱਡਣ ਨੂੰ
ਦਿਲ ਨਹੀਂ ਕਰਦਾ।

ਲੱਗਦੈ ਜਿਵੇਂ ਤੂੰ ਖ਼ਾਲਸੇ ਦੀ ਜੰਗ ਵਿਚ ਆਪ ਸ਼ਾਮਲ ਹੋਵੇਂ
ਬੜੇ ਇਤਿਹਾਸਕਾਰਾਂ ਨਾਲ ਮੇਰੀ ਸਾਂਝ ਪਈ ਹੈ
ਪਰ ਤੂੰ ਲੱਗਦੈ ਮੇਰਾ ਮਨ ਮੋਹ ਲਿਆ ਹੈ
ਐਡੇ ਸਹਿਜ ਵਿਚ ਇਤਿਹਾਸ ਰਚਨਾ ਤੇਰੇ ਹਿੱਸੇ ਹੀ ਆਇਆ ਹੈ
ਬਹੁਤ ਕਵੀ ਸ਼ਬਦਾਂ ਦੀ ਕਲਾਕਾਰੀ ਵਿਖਾ ਸਕਦੇ ਹਨ
ਪਰ ਮੇਰੇ ਵਰਗੇ ਨਿਕੰਮਿਆਂ ਨੂੰ ਗੁਰ-ਇਤਿਹਾਸ ਨਾਲ ਜੋੜਨਾ
ਤੇਰੇ ਹਿੱਸੇ ਹੀ ਆਇਆ ਹੈ।



PDF created with pdfFactory Pro trial version www.pdffactory.com

ਤੇਰੀ ਕਲਮ ਵਿੱਚੋਂ ਕਸ਼ਮੀਰ ਦੇ ਚਸ਼ਮੇ ਵਾਂਗ
ਕਾਵਿ ਸਫੁੱਟਦੇ ਹਨ
ਦੁਨਿਆਵੀ ਲਗਨ ਥੋੜ ਚਿਰੀ ਹੁੰਦੀ ਹੈ
ਪਰ ਤੂੰ ਅੱਧੀ ਸਦੀ ਲਿਵ ਦਾ ਪਰਵਾਹ ਚਲਾਇਆ
ਐ ਕਵੀ! ਤੇਰੀ ਲਿਖਤ ਵਿਚ ਲੋਹੜੇ ਦੀ ਰਵਾਨਗੀ ਹੈ
ਤੇਰੀ ਕਲਮ ਤੈਨੂੰ ਸਦਾ ਲਈ ਜ਼ਿੰਦਾ ਕਰ ਗਈ ਹੈ
ਪਰ ਤੇਰੇ ਸਾਹਿਤ ਦੀ ਸਾਂਭ ਸੰਭਾਲ ਵੱਲੋਂ
ਘਾਟ ਰੜਕਦੀ ਹੈ
ਤੇਰਾ ਰਚਿਆ ਇਤਿਹਾਸ ਯੁਗਾਂ ਤਕ ਚਾਨਣ ਬਖ਼ਸ਼ੇ
ਇਹੀ ਮੇਰੀ ਰੱਬ ਅੱਗੇ ਦੁਆ ਹੈ।



PDF created with pdfFactory Pro trial version www.pdffactory.com

# ਸਮੇਂ ਨੂੰ ਸ਼ਿਕਵਾ

ਲੱਗੀਆਂ ਨੂੰ ਫਿਰੇ ਝੂਰਦੀ,
ਬਾਲੀ ਹੈ ਵਰੇਸ ਕੁੜੇ।
ਕੌਮ ਫਿਰੇ ਭੇਡਾਂ ਚਾਰਦੀ,
ਬੇ-ਕਦਰਿਆਂ ਦੇ ਦੇਸ਼ ਕੁੜੇ।

ਲੱਗੀਆਂ ਨੂੰ ਕੌਣ ਜਾਣਦਾ,
ਹਿਜਰਾਂ ਦੇ ਦੁੱਖ ਨੇ ਬੜੇ।
ਖ਼ਾਲਸਾ ਪਰਾਇਆ ਹੋ ਗਿਆ,
ਭਾਵੇਂ ਬੈਠਾ ਆਪਣੇ ਘਰੇ।

ਕਾਲੀ ਰਾਤ ਹੈ ਨੇਰ੍ਹੀ ਵੇ,
ਵਿਚ ਟਿਮਕਣ ਤਾਰੇ ਵੇ।
ਖ਼ਾਲਸੇ ਦੇ ਕਰਜ਼ਾਂ ਨੂੰ,
ਦੱਸ ਕੌਣ ਉਤਾਰੇ ਵੇ।

ਦੁਨੀਆਂ ਦੀ ਭੀੜ ਵਿੱਚੋਂ,
ਪੱਗ ਦਿਸਦੀ ਤੇਰੀ ਵੇ।
ਬੇਰਹਿਮ ਸਮਿਆਂ ਦੀ,
ਹੁੰਦੀ ਵਾਟ ਲੰਮੇਰੀ ਵੇ।

ਦਰਿਆਵਾਂ ਵਿਚ ਪਾਣੀ ਵੇ,
ਖ਼ਾਲਸੇ ਦੀ ਵੱਡੀ ਘਾਲਣਾ।
ਕਿਸੇ ਕਦਰ ਨਾ ਜਾਣੀ ਵੇ।



PDF created with pdfFactory Pro trial version www.pdffactory.com

# ਹਿਜਰਾਂ ਦੀ ਫ਼ਿਜ਼ਾ ਵਿਚ

ਸ਼ਾਮੀਂ ਚਿੜੀਆਂ ਨੇ ਚੂਕਦੀਆਂ।
ਰਿਜ਼ਕਾਂ ਦੇ ਪੈਂਡੇ ਬਿਖੜੇ,
ਬੈਠ ਪਰ੍ਹੇ ਵਿਚ ਕੂਕਦੀਆਂ।

ਬਾਗ਼ੀਂ ਕੋਇਲਾਂ ਨੇ ਬੋਲਦੀਆਂ।
ਬ੍ਰਿਹੋਂ ਦੇ ਗੀਤਾਂ ਦੀਆਂ,
ਇਹ ਤਰਜ਼ਾਂ ਨੇ ਖੋਲ੍ਹਦੀਆਂ।

ਲੱਗੀਆਂ ਦੇ ਹਿਜਰ ਬੁਰੇ,
ਹੌਲ ਪੈਂਦੇ ਨੇ ਜੇਰੇ 'ਤੇ।
ਦੁਨੀਆਂ ਹੈ ਧੇਲੇ ਤੋਲਦੀ,
ਮੇਰੀ ਅੱਖ ਹੈ ਤੇਰੇ 'ਤੇ।

ਰਾਤੀਂ ਹਨੇਰੀਆਂ ਨੇ ਸ਼ੂਕਦੀਆਂ।
ਆਲ੍ਹਣੇ ਨੇ ਜਦ ਹਿਲਦੇ,
ਤਦ ਚਿੜੀਆਂ ਨੇ ਕੂਕਦੀਆਂ।



PDF created with pdfFactory Pro trial version www.pdffactory.com

## ਹਕੀਕੀ ਜਗਿਆਸਾ

ਰੂਹ ਦੀਆਂ ਗ਼ਮੀਆਂ ਦੀ।
ਅੰਦਰਲੀਆਂ ਕਮੀਆਂ ਦੀ।
ਨਾ ਸਾਡਾ ਜ਼ੋਰ ਜੀ।
ਪਾਈਏ ਭਾਵੇਂ ਸ਼ੋਰ ਜੀ।

ਬਿਰਹੋਂ ਦੀਆਂ ਚੋਟਾਂ ਦੀ।
ਅੰਦਰ ਪਏ ਟੋਟਾਂ ਦੀ।
ਕੀ ਮੈਂ ਹੁਣ ਨਸ਼ਰ ਕਰਾਂ।
ਜ਼ਿੰਦਗੀ ਦਾ ਸਫ਼ਰ ਕਰਾਂ।

ਗੁਰੂ ਅਤੇ ਚੇਲੇ ਦੀ।
ਦੁਨੀਆਂ ਦੇ ਮੇਲੇ ਦੀ।
ਜੱਗ ਦੇ ਝਮੇਲੇ ਦੀ।
ਤੂੰ ਹੀ ਕੁਝ ਬੋਲ ਕੁੜੇ।
ਘੁੰਡੀ ਕੋਈ ਖੋਲ੍ਹ ਕੁੜੇ।

ਚੁਰਾਸੀ ਦਾ ਗੇੜਾ ਜੀ।
ਪੂਰਾ ਹੈ ਝੇੜਾ ਜੀ।
ਰੂਹ ਦੇ ਸੰਗਲਾਂ ਦਾ।
ਜ਼ਿੰਦਗੀ ਦੇ ਦੰਗਲਾਂ ਦਾ।
ਮੈਨੂੰ ਨਾ ਵੱਲ ਕੁੜੇ।
ਹੁੰਦਾ ਨਾ ਝੱਲ ਕੁੜੇ।

ਇਸ਼ਕੇ ਦੀ ਬਾਤ ਜੀ।
ਦੂਰੀ ਦੀ ਵਾਟ ਜੀ।
ਅੰਦਰ ਪ੍ਰਕਾਸ਼ ਜੀ।



PDF created with pdfFactory Pro trial version www.pdffactory.com

ਅੰਬਰਾਂ 'ਤੇ ਡੇਰੇ ਜੀ।
ਵੱਜਦੇ ਨੇ ਭੇਰੇ ਜੀ।

ਬਾਣੀ ਦੀ ਬਾਤ ਜੀ।
ਵਿਰਲੇ ਨੂੰ ਨਿਜਾਤ ਜੀ।
ਚੁਰਾਸੀ ਦਾ ਗੇੜਾ ਜੀ।
ਲੱਗਣਾ ਹੈ ਫੇਰਾ ਜੀ।



PDF created with pdfFactory Pro trial version www.pdffactory.com

# ਰਿਜ਼ਕ ਦੀ ਲੰਮੀ ਵਾਟ

ਰਿਜ਼ਕ ਦੀ ਹੈ ਵਾਟ ਜੀ।
ਪਿਆਰ ਦੀ ਹੈ ਘਾਟ ਜੀ।
ਧਰਤੀ ਤੋਂ ਦੂਰੀ ਜੀ।
ਕੰਮ ਵੀ ਜ਼ਰੂਰੀ ਜੀ।

ਕੁਦਰਤ ਦਾ ਨਾ ਸ਼ੁਕਰ ਜੀ।
ਕਹਿ ਕੇ ਜਾਂਦੇ ਮੁੱਕਰ ਜੀ।
ਉਪਰ ਤੋਂ ਹੀ ਜਹਾਜ਼ ਹੈ।
ਥੱਲੇ ਨਾ ਆਵਾਜ਼ ਹੈ।

ਉਪਰਲੇ ਮਸ਼ਹੂਰ ਨੇ।
ਧਰਤੀ ਤੋਂ ਦੂਰ ਨੇ।
ਕਰਦੇ ਗ਼ਰੂਰ ਨੇ।
ਕੁਰਸੀ ਦੀ ਬਾਤ ਜੀ।
ਈਮਾਨ ਦੀ ਹੈ ਘਾਟ ਜੀ।

ਧਰਤੀ ਦੇ ਦੁੱਖਾਂ ਦੀ।
ਥੱਲੇ ਦੇ ਮਨੁੱਖਾਂ ਦੀ।
ਕੋਈ ਨਾ ਸਲਾਹ ਜੀ।
ਕੌਣ ਪੁੱਛੇ ਰਾਹ ਜੀ।

ਮੀਟਿੰਗ 'ਚ ਮਗ਼ਰੂਰ ਜੀ।
ਕੰਮ ਤੋਂ ਨੇ ਦੂਰ ਜੀ।
ਫ਼ੈਸਲੇ ਨੇ ਕਰਦੇ।
ਥੱਲੇ ਸਾਰੇ ਜਰਦੇ।



PDF created with pdfFactory Pro trial version www.pdffactory.com

ਕੁਰਸੀ ਹੈ ਮਸ਼ਹੂਰ ਜੀ।
ਜ਼ਮੀਨੀ ਹਕੀਕਤਾਂ ਤੋਂ ਕੋਹਾਂ ਦੂਰ ਜੀ।

ਕੁਰਸੀ ਹੈ ਛੱਡਣੀ।
ਝੋਲੀ ਪਊ ਅੱਡਣੀ।
ਜ਼ਿੰਦਗੀ ਦਾ ਸੱਚ ਜੀ।
ਸਾਹਮਣੇ ਤੂੰ ਰੱਖ ਜੀ।
ਭਾਵੇਂ ਇਹ ਤਪੱਸਿਆ।
ਕਰ ਇਹਦੀ ਰੱਖਿਆ।

ਅੱਜ ਸੱਚ ਸਾਂਭ ਲੈ।
ਜ਼ਿੰਦਗੀ ਨੂੰ ਤਾਂਘ ਲੈ।
ਪਊ ਪਛਤਾਉਣਾ ਜੀ।
ਸਮਾਂ ਨਾ ਥਿਆਉਣਾ ਜੀ।

ਰਿਜ਼ਕ ਦੀਆਂ ਮਜਬੂਰੀਆਂ।
ਚੇਤਨਾ ਤੋਂ ਦੂਰੀਆਂ।
ਅੰਦਰੋਂ ਨੇ ਝੂਰੀਆਂ।
ਝੱਲ ਨਾ ਇਹ ਹੋਣ ਜੀ।
ਜਿੰਦ ਨੂੰ ਪਰੋਣ ਜੀ।

ਕਿਉਂ ਨੇ ਥਕੇਵੇਂ ਵੇ ?
ਕਿਉਂ ਨੇ ਅਕੇਵੇਂ ਵੇ ?
ਕਿਉਂ ਨੇ ਸਤੇਵੇਂ ਵੇ ?
ਕਿਉਂ ਬੇਈਮਾਨੀਆਂ ਵੇ ?
ਕਿਉਂ ਨੇ ਸ਼ੈਤਾਨੀਆਂ ਵੇ ?
ਕਿਉਂ ਨੇ ਹੈਰਾਨੀਆਂ ਵੇ ?
ਕਿਉਂ ਖ਼ੁਦਗ਼ਰਜ਼ੀ ਵੇ ?
ਕਿਉਂ ਮਨਮਰਜ਼ੀ ਵੇ ?

ਚੁਰਾਸੀ ਦੇ ਗੇੜ ਵੇ !
ਸੁਰਤ ਨੂੰ ਘੁਮੇਰ ਵੇ !



PDF created with pdfFactory Pro trial version www.pdffactory.com

# ਮਿਜ਼ਾਜੀ ਪਦਾਰਥਾਂ ਦੇ ਵਹਿਣ

ਦੁਨੀਆਂ ਦੇ ਹਾਲ ਜੀ।
ਹਰ ਥਾਂ ਸਵਾਲ ਜੀ।
ਤੋਟਾਂ ਦਾ ਜ਼ਿਕਰ ਜੀ।
ਦਿੱਤੀਆਂ ਗਏ ਵਿਸਰ ਜੀ।
ਕੋਈ ਨਾ ਪੂਰਾ ਹੈ।
ਹਰ ਕੋਈ ਅਧੂਰਾ ਹੈ।

ਪਦਾਰਥਾਂ ਦੀ ਖਿੱਚ ਜੀ।
ਕਰਦੀ ਹੈ ਜਿੱਚ ਜੀ।
ਫਸਿਆ ਮਨੁੱਖ ਜੀ।
ਆਪਣਾ ਨਾ ਭਾਵੇ ਜੀ।
ਦੂਜੇ ਦਾ ਸੁਖਾਵੇ ਜੀ।

ਪਦਾਰਥਾਂ ਦੀ ਲੁੱਟ ਜੀ।
ਸਮਾਜ ਵਿਚ ਫੁੱਟ ਜੀ।
ਅੰਦਰੋਂ ਗਏ ਟੁੱਟ ਜੀ।
ਸਿਰੋਂ ਪਾਣੀ ਲੰਘੇ ਜੀ।
ਜਿੰਦ ਸੂਲੀ ਟੰਗੇ ਜੀ।

ਦੁਨੀਆਂ ਬਹੁਰੰਗੀ ਜੀ।
ਆਖ਼ਰ ਨੂੰ ਤੰਗੀ ਜੀ।
ਅੰਦਰੋਂ ਇਹ ਖ਼ਾਲੀ ਜੀ।
ਅੰਤ ਨੂੰ ਸਵਾਲੀ ਜੀ।



PDF created with pdfFactory Pro trial version www.pdffactory.com

## ਬੁੱਧੀਜੀਵ ਦੇ ਸੈਮੀਨਾਰ

ਬਾਹਰੋਂ ਮਟਕਾਰੇ ਜੀ।
ਕੌਣ ਅੰਦਰੋਂ ਸਵਾਰੇ ਜੀ।
ਦਿਲਾਂ ਅਤੇ ਮੂੰਹਾਂ ਦੀਆਂ।
ਬਾਗ਼ਾਂ ਅਤੇ ਜੂਹਾਂ ਦੀਆਂ।
ਬਹੁਤੀਆਂ ਨੇ ਦੂਰੀਆਂ,
ਕਰਨ ਮਸ਼ਹੂਰੀਆਂ।

ਮੰਚ 'ਤੇ ਤਮਾਸ਼ੇ ਜੀ।
ਥੱਲੇ ਆ ਕੇ ਹਾਸੇ ਜੀ।
ਕਹਿਣ ਨੂੰ ਕੁਝ ਹੋਰ ਜੀ।
ਤੇ ਕਰਨ ਨੂੰ ਕੁਝ ਹੋਰ ਜੀ।
ਮੰਚ ਉੱਤੇ ਲਾਇਆ ਉਨ੍ਹਾਂ,
ਚੋਟੀ ਵਾਲਾ ਜ਼ੋਰ ਜੀ।

ਤੂੰ ਹੀ ਕੁਝ ਬੋਲ ਨੀ।
ਘੁੰਡੀ ਕੋਈ ਖੋਲ੍ਹ ਨੀ।
ਦੁਨੀਆਂ ਕਿੱਧਰ ਚੱਲੀ ਨੀ।
ਕਿਉਂ ਮੱਚੀ ਤਰਥੱਲੀ ਨੀ।

*(25-5-2012; ਸਵੇਰੇ 8.00 ਵਜੇ)*



PDF created with pdfFactory Pro trial version www.pdffactory.com

## ਬੁੱਧੀ ਨੂੰ ਸੰਬੋਧਨ

ਐ ਬੁੱਧੀ ਤੂੰ ਜਮ੍ਹਾਂ ਅਤੇ ਨਫ਼ੀ ਦਾ ਸਵਾਲ ਹੈਂ
ਤੂੰ ਹਾਨ ਅਤੇ ਲਾਭ ਦਾ ਬਵਾਲ ਹੈਂ
ਤੂੰ ਦੁਨਿਆਵੀ ਵਪਾਰ ਵਿਚ ਮਾਹਰ ਹੈਂ
ਪਰ ਤੈਨੂੰ ਸੋਝੀ ਨਹੀਂ ਕੀ ਚੰਗਾ ਅਤੇ ਬੁਰਾ ਹੈ
ਤੂੰ ਜ਼ਿੰਦਗੀ ਜਿਉਣ ਦਾ ਚੱਜ ਨਹੀਂ ਜਾਣਦੀ
ਤੂੰ ਹਮੇਸ਼ਾ ਚਿੰਤਾ ਨੂੰ ਸਾਥ ਲੈ ਕੇ ਤੁਰਦੀ ਹੈਂ
ਤੂੰ ਮਹਿਸੂਸ ਨਹੀਂ ਕਰਦੀ ਦੁਖ ਸੁਖ ਕੀ ਹੈ
ਤੂੰ ਹਮੇਸ਼ਾ ਮੇਰੀਆਂ ਕਮਜ਼ੋਰੀਆਂ ਵੱਲ ਇਸ਼ਾਰੇ ਕਰਦੀ ਹੈਂ
ਤੂੰ ਮੈਨੂੰ ਮੌਤ ਦਾ ਅਹਿਸਾਸ ਨਹੀਂ ਕਰਾਉਂਦੀ
ਪਰ ਮੌਤ 'ਤੇ ਹੋਏ ਖ਼ਰਚੇ ਦਾ ਹਿਸਾਬ ਦੱਸਦੀ ਹੈਂ
ਤੂੰ ਮੇਰੇ ਚਾਵਾਂ ਦੇ ਪੈਰਾਂ ਵਿਚ ਬੇੜੀਆਂ ਪਾਉਂਦੀ ਹੈਂ
ਅਤੇ ਮੇਰਾ ਧਿਆਨ ਪੈਸੇ ਦੇ ਗਣਿਤ ਵੱਲ ਦਿਵਾਉਂਦੀ ਹੈਂ

ਤੂੰ ਆਪਣੇ ਮਾਲਕ 'ਤੇ ਵੀ ਦਇਆ ਨਹੀਂ ਕਰਦੀ
ਤੇਰੀ ਅਧੀਨਗੀ ਵਿਚ ਉਹ ਦਿਨ ਰਾਤ ਭਟਕਦਾ ਹੈਂ
ਤੂੰ ਹਰ ਜਗ੍ਹਾ ਕਬਜ਼ੇ ਦੀ ਇੱਛਾ ਧਾਰਦੀ ਹੈਂ
ਐ ਬੁੱਧੀ! ਤੂੰ ਆਪਣੀ ਔਕਾਤ ਵਿਚ ਰਿਹਾ ਕਰ
ਤੇ ਸਿਰਫ਼ ਜ਼ਿੰਦਗੀ ਦੇ ਸਾਧਨਾਂ ਦਾ ਜ਼ਿਕਰ ਕਰ
ਤੂੰ ਮੇਰੀਆਂ ਅਨੁਭਵੀ ਉਡਾਣਾਂ ਵਿਚ
ਖਾਹ ਮਖਾਹ ਟੰਗ ਨਾ ਅੜਾਇਆ ਕਰ
ਐ ਰਕਾਨ! ਤੂੰ ਸਾਧਨ ਜ਼ਰੂਰ ਹੈਂ
ਪਰ ਮੰਜ਼ਲ ਨਹੀਂ
ਤੂੰ ਮੈਨੂੰ ਜ਼ਿੰਦਗੀ ਤੋਰਨ ਵਿਚ ਮਦਦ ਕਰ ਸਕਦੀ ਹੈਂ
ਪਰ ਜ਼ਿੰਦਗੀ ਦੀ ਉਡਾਣ ਕੀ ਹੈ
ਇਹ ਦੱਸਣਾ ਤੇਰੀ ਔਕਾਤ ਨਹੀਂ



PDF created with pdfFactory Pro trial version www.pdffactory.com

ਪਰ ਤੇਰਾ ਅਸਰ ਮਨੁੱਖਾਂ 'ਤੇ ਹਾਵੀ ਹੋ ਚੁੱਕਿਆ ਹੈ
ਤੂੰ ਅਜੋਕੀ ਮਨੁੱਖਤਾ ਨੂੰ ਭਰਮਾ ਕੇ
ਮੰਜ਼ਲਹੀਨ ਕਰ ਦਿੱਤਾ ਹੈ।



PDF created with pdfFactory Pro trial version www.pdffactory.com

# ਬੁੱਧੀ ਨੂੰ ਸੁਨੇਹਾ

ਐ ਬੁੱਧੀ! ਤੂੰ ਉੱਚ ਕੋਟੀ ਦੀ ਝਾੜੂ ਬਰਦਾਰ ਹੈਂ
ਤੇਰੇ ਬਿਨਾਂ ਜ਼ਿੰਦਗੀ ਦੇ ਮੁਹੱਲੇ ਵਿਚ
ਗੰਦਗੀ ਦੇ ਢੇਰ ਲੱਗ ਜਾਂਦੇ ਹਨ
ਤੂੰ ਬੜੀ ਸਾਵਧਾਨੀ ਨਾਲ ਜੀਵਨ ਦੇ ਹਰ ਗਲੀ ਕੂਚੇ ਦੀ
ਸਫ਼ਾਈ ਕਰਦੀ ਹੈਂ
ਤੇਰੇ ਬਿਨਾਂ ਜ਼ਿੰਦਗੀ ਰੂਪੀ ਨਗਰ ਵਿਚ
ਹਵਾੜ ਫੈਲਣ ਲੱਗਦੀ ਹੈ
ਪਰ ਸਫ਼ਾਈ ਤੋਂ ਬਾਦ ਘਰ ਪਹੁੰਚਣਾ
ਠੀਕ ਦਸਤੂਰ ਹੈ
ਫ਼ਰਜ਼ ਤੋਂ ਬਾਦ ਹੱਠ ਨਾਲ ਠਹਿਰਨਾ
ਤੈਨੂੰ ਥਕੇਵੇਂ ਅਤੇ ਅਕੇਵੇਂ ਵੱਲ ਧੱਕ ਦਿੰਦਾ ਹੈ
ਮਨ ਸ਼ਹਿਨਸ਼ਾਹ ਤੈਨੂੰ ਹਾਜ਼ਰ ਵੇਖ ਕੇ ਮੁੜ ਜਾਂਦਾ ਹੈ
ਉਸ ਦੇ ਸ਼ਾਹੀ ਲਿਬਾਸ ਨੂੰ ਤੇਰੀ ਉਡਾਈ ਜਾ ਰਹੀ ਧੂੜ
ਗਵਾਰਾ ਨਹੀਂ
ਬਾਦਸ਼ਾਹ ਦੇ ਆਉਣ ਤੋਂ ਪਹਿਲਾਂ ਝਾੜੂ ਬਰਦਾਰਾਂ ਦਾ
ਘਰ ਪਰਤਣਾ ਹੀ ਠੀਕ ਹੈ
ਤੇਰਾ ਕਰਤੱਵ ਬਾਦਸ਼ਾਹ ਦੇ ਕਾਫ਼ਲੇ ਲਈ
ਜਗ੍ਹਾ ਨੂੰ ਸਾਫ਼ ਕਰਨਾ ਹੈ
ਜੇ ਬਾਦਸ਼ਾਹ ਦੀ ਆਮਦ ਨਾ ਹੋਈ
ਤਾਂ ਗਲੀਆਂ ਸੋਭਦੀਆਂ ਹੀ ਨਹੀਂ
ਕਿਉਂਕਿ ਝਾੜੂ ਬਰਦਾਰ ਗਲੀਆਂ ਨੂੰ ਸਾਫ਼ ਰੱਖ ਸਕਦੇ ਹਨ
ਗਲੀਆਂ ਦੀ ਸ਼ੋਭਾ ਨਹੀਂ ਵਧਾ ਸਕਦੇ
ਬੇਸ਼ੱਕ ਤੇਰੇ ਬਿਨਾਂ ਜੀਵਨ ਵਿਚ ਗੁਜ਼ਾਰਾ ਨਹੀਂ
ਪਰ ਤੇਰਾ ਢੀਠਾਂ ਵਾਂਗ ਹਾਜ਼ਰ ਰਹਿਣਾ
ਰੰਗੀਨੀਆਂ ਨੂੰ ਹਰਨ ਕਰ ਦਿੰਦਾ ਹੈ



PDF created with pdfFactory Pro trial version www.pdffactory.com

ਕਿਉਂਕਿ ਕਈ ਸ਼ਖ਼ਸ ਅਜਿਹੇ ਹੁੰਦੇ ਹਨ,
ਜਿਨ੍ਹਾਂ ਦੇ ਜਾਣ ਨਾਲ ਮਹਿਫ਼ਲਾਂ ਦੀ ਰੌਣਕ ਵੱਧ ਜਾਂਦੀ ਹੈ
ਬਾਦਸ਼ਾਹ ਦੇ ਤਾਂ ਗਾਰਦ ਹੀ ਮਹਿਫ਼ਲਾਂ ਸਜਾ ਦਿੰਦੇ ਹਨ
ਜੀਵਨ ਰੂਪੀ ਮਹਲ ਆਪਣੇ ਸ਼ਹਿਨਸ਼ਾਹ ਨਾਲ ਹੀ
ਖੇੜੇ ਵਿਚ ਰਹਿੰਦਾ ਹੈ
ਭਵਿੱਖ ਲਈ ਪੁਰਅਮੀਦ ਹਾਂ ਕਿ ਤੂੰ
ਬਣਦਾ ਫ਼ਰਜ਼ ਨਿਭਾ ਕੇ ਪਰਤ ਜਾਇਆ ਕਰੇਂਗੀ।
ਆਮੀਨ!



PDF created with pdfFactory Pro trial version www.pdffactory.com

# ਮਾਲਕੀ

ਜਦ ਤਕ ਲੋੜਾਂ ਲਈ ਮਾਲਕੀ ਦੇ ਗਾਹਕ ਹਾਂ
ਤਦ ਤਕ ਮਾਲਕੀ ਵੀ ਇਕ ਸੂਖਮ ਹੁਲਾਰਾ ਹਾਂ
ਕਿਉਂਕਿ ਸਿਰ 'ਤੇ ਛੱਤ ਬਿਨਾਂ
ਕਿਸੇ ਹੋਰ ਨੂੰ ਪਿਆਰ ਕਰਨਾ ਔਖਾ ਲੱਗਦਾ ਹਾਂ
ਕਿਉਂਕਿ ਛੱਤ ਦਾ ਪਿਆਰ ਹੀ
ਸਾਰੇ ਉਮਾਹਾਂ ਦਾ ਧੁਰਾ ਹੈ
ਆਪਣੇ ਘਰ ਤੋਂ ਹੀ ਅਸੀਂ ਪ੍ਰੇਮ ਸਿੱਖਦੇ ਹਾਂ
ਪ੍ਰੇਮ ਕਾਰਨ ਘਰ ਆਪਣੇ ਸੂਖਮ ਰੂਪ ਦੇ
ਹੁਲਾਰੇ ਮਾਰਦੇ ਹਨ
ਪ੍ਰੇਮ ਰੌਆਂ ਸਾਡੇ ਵੱਲ ਉਲਰ ਪੈਂਦੀਆਂ ਹਨ
ਪਰ ਨਵੇਂ ਯੁਗ ਤ੍ਰਿਸ਼ਨਾ ਅਧੀਨ ਕਬਜ਼ੇ ਚਾਹੁੰਦੇ ਹਨ
ਹੁਣ ਕਬਜ਼ਿਆਂ ਤੋਂ ਸਾਨੂੰ ਕੌਣ ਹਟਕੇਗਾ
ਕੋਈ ਨਹੀਂ
ਹੁਣ ਉਹੀ ਵਸਤ ਆਪਣਾ ਦੂਜਾ ਰੂਪ
ਸਾਹਮਣੇ ਰੱਖਦੀ ਹੈ
ਇਹ ਸਥੂਲ ਅਤੇ ਜੜ੍ਹ ਦੇ ਦਰਸ਼ਨ ਕਰਾਉਂਦੀ ਹੈ
ਪਹਿਲਾਂ ਤੋਂ ਹੀ ਸਥੂਲ ਹੋ ਚੁੱਕੇ ਸ਼ਖ਼ਸ
ਹੋਰ ਜ਼ਿਆਦਾ ਪਥਰਾਅ ਜਾਂਦੇ ਹਨ
ਹੁਣ ਕਬਜ਼ਿਆਂ ਦੀਆਂ ਹੋੜਾਂ ਲੱਗ ਜਾਂਦੀਆਂ ਹਨ
ਸਾਰੀ ਸੰਪਤੀ ਸਥੂਲਤਾ ਦੇ ਜੌਹਰ ਵਿਖਾਉਂਦੀ ਹੈ
ਪ੍ਰੇਮ ਗ਼ਾਇਬ ਹੋ ਜਾਂਦਾ ਹੈ
ਹੁਣ ਸਥੂਲ ਕਬਜ਼ੇ ਹੀ ਬਾਕੀ ਬਚਦੇ ਹਨ
ਪ੍ਰੇਮ ਦੇ ਚਸ਼ਮੇ ਸਦਾ ਲਈ ਸੁੱਕ ਜਾਂਦੇ ਹਨ
ਪਿੱਛੇ ਵਲੀ ਕੰਧਾਰੀ ਹੀ ਬਾਕੀ ਬਚਦਾ ਹੈ
ਵਲੀ ਕੰਧਾਰੀ ਕੁਦਰਤ ਦੇ ਜਲਵੇ ਨਹੀਂ ਵੇਖਦਾ



PDF created with pdfFactory Pro trial version www.pdffactory.com

ਕਿਉਂਕਿ ਸੂਰਜ ਚੰਦਰਮਾ ਨੂੰ ਮਾਣਿਆ ਜਾ ਸਕਦਾ ਹੈ
ਉਨ੍ਹਾਂ 'ਤੇ ਕਬਜ਼ਾ ਨਹੀਂ ਕੀਤਾ ਜਾ ਸਕਦਾ
ਹਿਮਾਲਿਆ ਦੇ ਰੁੱਖ ਕਿਤਨੇ ਸੁੰਦਰ ਹਨ
ਪਰ ਤੁਸੀਂ ਆਪਣੇ ਨਾਮ ਇਹ ਬੈ ਨਹੀਂ ਕਰਾ ਸਕਦੇ
ਝੀਲਾਂ ਤੇ ਸਮੁੰਦਰ ਦੁਰਲਭ ਹਨ
ਪਰ ਇਹ ਵਿਕਾਊ ਨਹੀਂ
ਸਥੂਲ ਜਗਤ ਦੀਆਂ ਸਥੂਲ ਵਸਤਾਂ
ਮਾਨਣਯੋਗ ਨਹੀਂ ਰਹਿੰਦੀਆਂ
ਹੁਣ ਅੱਖਾਂ ਨੂੰ ਇਹ ਸਥੂਲ ਕਬਜ਼ੇ
ਅਕੇਵੇਂ ਵੱਲ ਧੱਕ ਦਿੰਦੇ ਹਨ
ਕਿਉਂਕਿ ਘਰ ਵੀ ਪਿਆਰ ਨਾਲ ਸੁੰਦਰ ਲੱਗਦੇ ਹਨ
ਬਾਜ਼ਾਰੀ ਮੁੱਲ ਦੀ ਅਸਥਾਈ ਖ਼ੁਸ਼ੀ ਅੰਤਰੀਵ ਨੂੰ
ਤ੍ਰਿਪਤ ਨਹੀਂ ਕਰਦੀ
ਤੁਸੀਂ ਵਸਤਾਂ ਨੂੰ ਜਿਸ ਭਾਵਨਾ ਨਾਲ ਵੇਖਦੇ ਹੋ
ਉਸੇ ਭਾਵਨਾ ਨਾਲ ਵਸਤਾਂ ਸਾਨੂੰ ਵੇਖਦੀਆਂ ਹਨ
ਕੁਦਰਤ ਕਦੇ ਵੀ ਸਥੂਲ ਲੋਕਾਂ ਨੂੰ
ਆਪਣਾ ਸੂਖਮ ਰੂਪ ਨਹੀਂ ਵਿਖਾਉਂਦੀ
ਉਹ ਦੂਹਰਾ ਘੁੰਡ ਕੱਢ ਲੈਂਦੀ ਹੈ
ਅਤੇ ਤ੍ਰਾਹੁੰਦੀ ਹੋਈ ਅੰਦਰ ਵੜ ਜਾਂਦੀ ਹੈ
ਕਿਉਂਕਿ ਉਹ ਵੀ ਸ਼ੁਭ ਸ਼ਖ਼ਸ ਦੇ
ਦਰਸ਼ਨ ਲੋਚਦੀ ਹੈ

*(26-8-2012; ਐਤਵਾਰ ਸਵੇਰੇ 9.00 ਵਜੇ)*



PDF created with pdfFactory Pro trial version www.pdffactory.com

# ਫ਼ੁਰਸਤ

ਕਿਥੇ ਗਏ ਫ਼ੁਰਸਤ ਦੇ ਉਹ ਦਿਨ
ਜਦ ਅਸੀਂ ਕੁਦਰਤ ਨਾਲ ਇਕਮਿਕ ਹੋ ਜਾਂਦੇ ਸਾਂ
ਜਦ ਰਾਤੀਂ ਬੱਚੇ ਦਾਦੀ ਮਾਂ ਤੋਂ ਪਰੀ ਕਹਾਣੀਆਂ ਸੁਣਦੇ ਸਨ
ਮਾਵਾਂ ਦੱਸਦੀਆਂ ਸਨ ਕਿ ਕਿਵੇਂ ਤੋਤਲੇ ਬੱਚੇ
ਨੀਹਾਂ ਵਿਚ ਚਿਣੇ ਗਏ
ਜਦ ਬਜ਼ੁਰਗ ਕੌਮੀ ਇਤਿਹਾਸਾਂ ਨੂੰ ਵਾਚਦੇ ਸਨ
ਜਦ ਗੁਰਬਾਣੀ ਨੂੰ ਸੁਣਨ ਸਮਝਣ ਦਾ ਸਾਡੇ ਕੋਲ ਸਮਾਂ ਸੀ
ਚੰਦਰਮਾ ਵੀ ਇਕ ਧਰਤੀ ਨਾ ਹੋ ਕੇ
ਮਾਮਾ ਅਖਵਾਉਣ ਦਾ ਹੱਕਦਾਰ ਸੀ
ਨੀਲਾ ਆਕਾਸ਼ ਸਾਡੀ ਰੂਹ ਦੀ ਉਡਾਰੀ ਲਈ
ਕੁਦਰਤੀ ਪੀਂਘ ਸੀ
ਜਦ ਨੌਜਵਾਨ ਆਪਣੇ ਸਰੀਰਾਂ ਨੂੰ ਗੁੰਦਵਾਂ ਬਣਾਉਣ ਲਈ
ਜ਼ਫ਼ਰ ਜਾਲਦੇ ਸਨ
ਮੁਟਿਆਰਾਂ ਤ੍ਰਿੰਝਣੀ ਬੈਠਣ ਦਾ ਸਮਾਂ ਕੱਢਦੀਆਂ ਸਨ
ਜਦ ਨਾਨਕਾ ਮੇਲ ਸਾਰੇ ਪਿੰਡ ਦੇ ਪਰਨਾਲੇ
ਭੰਨ ਸੁੱਟਦਾ ਸੀ
ਪਰ ਲੋਕ ਗ਼ੁੱਸੇ ਹੋਣ ਦੀ ਥਾਂ ਹੱਸ ਛੱਡਦੇ ਸਨ
ਅੱਜ ਅਸੀਂ ਮਸ਼ੀਨਾਂ ਬਣ ਕੇ ਦੌੜ ਰਹੇ ਹਾਂ
ਸਾਨੂੰ ਸਾਰਿਆਂ ਨੂੰ ਹੌਂਕਣੀ ਲੱਗੀ ਹੋਈ ਹੈ
ਸਾਡੀ ਆਜ਼ਾਦ ਵਿਚਰਨ ਦੀ ਆਦਤ ਲਈ
ਕੋਈ ਸਮਾਂ ਨਹੀਂ ਰਿਹਾ
ਰਿਜ਼ਕਾਂ ਦੇ ਰੁਝੇਵੇਂ ਸਮੇਂ ਨੂੰ ਖ਼ਰਚ ਕੇ
ਸਾਡੀ ਜੇਬ ਖ਼ਾਲੀ ਕਰ ਗਏ ਹਨ
ਅਸੀਂ ਅਜੀਬ ਤਰ੍ਹਾਂ ਦੀ ਗ਼ੁਲਾਮੀ ਵਿਚ ਫਸ ਗਏ ਹਾਂ
ਅਸੀਂ ਯੁਗ ਚਾਲ ਦੇ ਸੰਗਲਾਂ ਵਿਚ ਨੂੜੇ ਪਏ ਹਾਂ



PDF created with pdfFactory Pro trial version www.pdffactory.com

ਪਰ ਅਸੀਂ ਸਬਰ ਕਰ ਲਿਆ ਹੈ
ਕਿਉਂਕਿ ਜਿਹੜੇ ਸੰਗਲਾਂ ਨਾਲ ਸਾਨੂੰ ਨੂੜਿਆ ਗਿਆ ਹੈ
ਉਹ ਮਾਮੂਲੀ ਨਹੀਂ ਸਗੋਂ ਸੋਨੇ ਦੇ ਸੰਗਲ ਹਨ
ਇਹ ਸੰਗਲ ਸਾਡੇ ਅੰਤਰੀਵ ਤਕ ਚੁੱਭ ਰਹੇ ਹਨ
ਪਰ ਕੀਮਤੀ ਹੋਣ ਕਾਰਨ ਸਾਡਾ ਨਾਮ ਉੱਚਾ ਹੋ ਰਿਹਾ ਹੈ
ਵਧਦੀ ਸਮੇਂ ਦੀ ਫ਼ਜ਼ੂਲ ਖ਼ਰਚੀ ਸਾਡੀ ਜੇਬ ਨੂੰ
ਚੱਟ ਕਰ ਗਈ ਹੈ
ਅਸੀਂ ਫ਼ੁਰਸਤ ਦੀਆਂ ਦੋ ਘੜੀਆਂ ਲਈ
ਤਰਸ ਗਏ ਹਾਂ



PDF created with pdfFactory Pro trial version www.pdffactory.com

# ਖ਼ਾਲਸੇ ਦੀ ਸਵੇਰ ਆਪਣੇ ਆਪ ਨਾਲ

ਪੰਛੀਆਂ ਦੇ ਰਾਗ ਜੀ।
ਕੁਦਰਤ ਦੇ ਸਾਜ਼ ਜੀ।
ਵੱਖਰੇ ਅੰਦਾਜ਼ ਜੀ।
ਰੂਹ ਨੂੰ ਨਸ਼ਿਆਉਣ ਜੀ।
ਚੇਤਨਾ ਜਗਾਉਣ ਜੀ।

ਤਾਜ਼ਗੀ ਦੇ ਲਹਿਰੇ ਜੀ।
ਸੁਰਤੀ ਹੁਣ ਠਹਿਰੇ ਜੀ।
ਸੁਨਹਿਰੀ ਪ੍ਰਕਾਸ਼ ਜੀ।
ਵਧਾਵੇ ਸਾਡੀ ਆਸ ਜੀ।

ਸਵੇਰ ਬਹੁਤ ਉੱਚੀ ਜੀ।
ਜ਼ਿੰਦਗੀ ਹੈ ਸੁੱਚੀ ਜੀ।
ਪਹਿਲਾਂ ਇਹਨੂੰ ਸਾਂਭ ਜੀ।
ਰਿਜ਼ਕ ਨੂੰ ਨਾ ਤਾਂਘ ਜੀ।

ਇਹ ਸਮਾਂ ਕੀ ਹੈ?
ਸਾਰੇ ਦਿਨ ਦੀ ਨੀਂਹ ਹੈ।
ਪਹਿਲਾਂ ਇਹਨੂੰ ਮਾਣ ਲੈ।
ਸਾਰੇ ਦਿਨ ਲਈ ਤ੍ਰਾਣ ਲੈ।

ਬਾਣੀ ਅਤੇ ਸਾਜ਼ ਜੀ।
ਜ਼ਿੰਦਗੀ ਨਿਵਾਜ਼ ਜੀ।
ਵੱਤਰ ਹੁਣ ਬੀਜ ਜੀ।
ਅਮੁੱਲੀ ਚੀਜ਼ ਖ਼ਰੀਦ ਜੀ।



PDF created with pdfFactory Pro trial version www.pdffactory.com

# ਖ਼ਾਲਸੇ ਦੀ ਸ਼ਾਮ ਆਪਣੇ ਆਪ ਨਾਲ

ਰਿਜ਼ਕ ਦਾ ਥਕੇਵਾਂ ਜੀ।
ਸੁਰਤ ਨੂੰ ਅਕੇਵਾਂ ਜੀ।
ਜ਼ਿੰਦਗੀ ਦੇ ਝੋਰੇ ਜੀ।
ਬਹੁਤੇ ਭਾਵੇਂ ਥੋੜ੍ਹੇ ਜੀ।

ਸ਼ਾਮਾਂ ਦੀਆਂ ਖ਼ੁਸ਼ੀਆਂ ਜੀ।
ਆਸਾਂ ਨਾ ਮੁੱਕੀਆਂ ਜੀ।
ਅੱਗੇ ਪੈਰ ਜਾਣ ਜੀ।
ਤਾਂਘ ਨੂੰ ਵਧਾਣ ਜੀ।
ਸੁਨਹਿਰੀ ਪ੍ਰਕਾਸ਼ ਜੀ।
ਵਧਾਵੇ ਸਾਡੀ ਆਸ ਜੀ।

ਪੰਛੀ ਇਕ ਦੂਜੇ ਦਾ ਫ਼ਿਕਰ ਕਰਦੇ।
ਦਿਨ ਦੀਆਂ ਘਟਨਾਵਾਂ ਦਾ ਜ਼ਿਕਰ ਕਰਦੇ।
ਸਾਰੀ ਗੱਲਬਾਤ ਇਕ ਦੂਜੇ ਨੂੰ ਸੁਣਾਉਣ ਜੀ।
ਸ਼ੋਰ ਭਾਵੇਂ ਬਹੁਤ ਪਰ ਮਨ ਨੂੰ ਹੈ ਭਾਉਣ ਜੀ।

ਲਾਹ ਕੇ ਥਕੇਵਾਂ ਸਿੰਘ ਟਹਿਲ ਕਰੇ ਜੀ।
ਘਰ ਆਉਣ ਨੂੰ ਨਾ ਫਿਰ ਚਿਤ ਧਰੇ ਜੀ।
ਸੋ ਦਰੁ ਦੀ ਖਿੱਚ ਫਿਰ ਲਿਆਵੇ ਘਰੇ ਜੀ।
ਰਹਿੰਦੀ ਉਦਾਸੀ ਨੂੰ ਦੂਰ ਕਰੇ ਜੀ।

ਸੰਗਤਿ ਤੇ ਸਾਜ਼ ਫਿਰ ਅਗਲਾ ਉਮਾਹ ਜੀ।
ਸ਼ਾਂਤੀ ਤੇ ਸਥਿਰਤਾ ਦਾ ਦੱਸੇ ਹੁਣ ਰਾਹ ਜੀ।
ਸਿੰਘ ਦੀ ਮਅਰਾਜ ਜੀ।
ਲਿਖਣ ਤੋਂ ਬਾਹਰ ਜੀ।



PDF created with pdfFactory Pro trial version www.pdffactory.com

# ਸਾਉਣ ਮਹੀਨੇ ਦੇ ਇਕ ਦਿਨ ਆਪਣੇ ਆਪ ਨਾਲ

ਰੁੱਤ ਭਾਵੇਂ ਗਰਮੀ ਦੀ ਹੁੰਦੀ ਕਹਿਰ ਜੀ।
ਪਰ ਹੁੰਦੀ ਇਸ ਦੀ ਆਪਣੀ ਹੀ ਲਹਿਰ ਜੀ।
ਮੱਖੀ, ਮੱਛਰ ਅਤੇ ਤਪਾਉਂਦੀ ਗਰਮੀ।
ਸਿਰ ਨੂੰ ਭੁਆਂਟਣੀ ਲਿਆਉਂਦੀ ਗਰਮੀ।
ਕੰਮ ਭਾਵੇਂ ਘੱਟ ਤੇ ਪਸੀਨਾ ਲਿਆਤਾ ਜੀ।
ਗਰਮੀ ਨੇ ਜੱਟ ਨੂੰ ਸਾਧ ਬਨਾਤਾ ਜੀ।
ਦਸ ਵਜੇ ਬਾਦ ਨਾ ਕੋਈ ਪੰਛੀ ਬੋਲੇ ਜੀ।
ਸ਼ਾਮ ਨੂੰ ਜਾ ਕੇ ਆਪਣਾ ਰਾਗ ਖੋਲ੍ਹੇ ਜੀ।
ਦੁਪਹਿਰ ਨੂੰ ਲੱਗੇ ਜਿਉਂ ਤੰਦੂਰ ਤਪੇ ਜੀ।
ਕੰਮ ਨੂੰ ਨਾ ਰੀਝੇ ਮਨ ਐਵੇਂ ਖਪੇ ਜੀ।
ਬਾਹਰ ਲੱਗੇ ਇੰਜ ਜਿਵੇਂ ਅਰਬ ਦੇਸ਼ ਜੀ।
ਜ਼ਿੰਦਗੀ ਇਉਂ ਲੱਗੇ ਜਿਵੇਂ ਹੈ ਕਲੇਸ਼ ਜੀ।

ਪੁਰਾ ਵਗੀ ਜਾਵੇ ਜੀ।
ਬੱਦਲਾਂ ਨੂੰ ਲਿਆਵੇ ਜੀ।
ਬੱਦਲਾਂ ਦੇ ਤਰੰਗ ਜੀ।
ਵਿਖਾਵੇ ਨਵੇਂ ਰੰਗ ਜੀ।
ਰੁਮਕੇ ਪੁਰਵਈ ਜੀ।
ਚਿੱਟੇ ਅਤੇ ਸੁਰਮਈ ਜੀ।
ਯੁੱਗਾਂ ਦੂਰ ਧੁੱਪ ਜੀ।
ਖ਼ੁਸ਼ ਹੋ ਗਏ ਰੁੱਖ ਜੀ।
ਬੋਲਣ ਨੂੰ ਨਾ ਚਿੱਤ ਜੀ।
ਮਨ ਆਪੇ ਵਿਚ ਜੀ।



PDF created with pdfFactory Pro trial version www.pdffactory.com

ਰਿਜ਼ਕ ਦੇ ਰੁਝੇਵੇਂ ਜੀ।
ਮਨ ਦੇ ਤਰਸੇਵੇਂ ਜੀ।
ਮਨ ਚਾਹੁੰਦਾ ਹੋਰ ਜੀ।
ਪਰ ਕੰਮ ਕੁਝ ਹੋਰ ਜੀ।
ਯੁੱਗਾਂ ਦੀ ਉਦਾਸ ਫ਼ਿਜ਼ਾ,
ਬਾਹਰੋਂ ਭਾਵੇਂ ਸ਼ੋਰ ਜੀ।

ਰੁੱਤ ਨੂੰ ਤੂੰ ਮਾਣ ਲੈ।
ਰਾਜ ਨੂੰ ਪਛਾਣ ਲੈ।
ਮਨ ਹੋਵੇ ਇਕੱਠਾ ਜਦ,
ਜਿੰਦ ਦਾ ਤ੍ਰਾਣ ਲੈ।

ਬੱਦਲਾਂ ਦੀ ਫ਼ੌਜ ਦਾ ਇਕੱਠ ਜਿਹਾ ਹੋ ਗਿਆ।
ਗਰਜਾਂ ਦਾ ਨਗਾਰਾ ਫਿਰ ਸੁਰਤ ਨੂੰ ਪ੍ਰੋ ਗਿਆ।
ਬੱਦਲਾਂ ਦਾ ਰੂਪ ਵੇਂਹਦੇ ਮਨ ਸੀ ਖੜੋ ਗਿਆ।
ਪਤਾ ਹੀ ਨਾ ਲੱਗਾ ਕਦ ਆਪਾ ਗੁੰਮ ਹੋ ਗਿਆ।

ਸੁਰਤ ਮਦਹੋਸ਼ ਜੀ।
ਦਿਸੇ ਨਾ ਕਲੇਸ਼ ਜੀ।
ਰੂਹ ਉੱਚੀ ਹੋਵੇ ਜੀ।
ਗਗਨਾਂ ਨੂੰ ਛੋਹਵੇ ਜੀ।

ਕੌਣ ਦੱਸ ਸਕੇ ਕੋਈ ਇਹੋ ਜਿਹੀਆਂ ਝਾਕੀਆਂ।
ਪੂਰੀ ਗੱਲ ਕੌਣ ਦੱਸੇ ਭਾਵੇਂ ਲਿਖੇ ਸਾਖੀਆਂ।

ਕੁਦਰਤ ਨੂੰ ਮਾਣ ਜੀ।
ਭਾਵੇਂ ਕੰਮ ਸਤਾਣ ਜੀ।
ਅੱਜ ਨਸ਼ਾ ਪੀ ਲਿਆ।
ਜ਼ਿੰਦਗੀ ਨੂੰ ਜੀ ਲਿਆ।
ਅਨੁਭਵ ਬੇਹਿਸਾਬ ਜੀ।
ਕਲਮ ਦਾ ਜਵਾਬ ਜੀ।



PDF created with pdfFactory Pro trial version www.pdffactory.com

# ਮਉਲੀਆਂ ਰੁੱਤਾਂ ਦੇ ਗੀਤ

ਪੁੰਨਿਆਂ ਦੀਆਂ ਚੰਨ ਰਿਸ਼ਮਾਂ,
ਹੁਣ ਲੱਸਣ ਹਨੇਰੇ 'ਤੇ।
ਸਿੰਘ[1] ਜੀ ਇਉਂ ਦਗਦੇ,
ਮਿਸ਼ਾਲ ਧਰੀ ਜਿਉਂ ਬਨੇਰੇ 'ਤੇ।

ਸੁਬਹ ਬੁਲਬੁਲ ਬੋਲੇ ਵੇ।
ਅੰਮ੍ਰਿਤ ਵੇਲੇ ਦੇ,
ਇਹ ਰਾਜ਼ ਨੂੰ ਖੋਲ੍ਹੇ ਵੇ।

ਬਨੇਰੇ ਉੱਤੇ ਕਾਂ ਬੋਲਦਾ।
ਜਿਹੜਾ ਬੰਨ੍ਹ ਸਬਰ ਪੱਲੇ,
ਭਵਿੱਖ ਉਹਦੇ ਨਾਮ ਬੋਲਦਾ।

ਨਹਿਰਾਂ ਵਿਚ ਵਗੇ ਪਾਣੀ ਵੇ।
ਮਿੱਠੀ ਮਿੱਠੀ ਰੌ ਸਮੇਂ ਦੀ,
ਰੁੱਤ ਦੀ ਦੱਸੇ ਕਹਾਣੀ ਵੇ।

ਬਸੰਤ ਦੇ ਖੇੜੇ ਵੇ।
ਪੱਗ ਬੰਨ੍ਹ ਸਰ੍ਹੋਂ ਫੁੱਲੀ ਵੇ।
ਛੱਡ ਦੁਨੀਆਂ ਦੇ ਝੇੜੇ ਵੇ।

ਸਾਉਣ ਦਿਉ ਬੱਦਲੋ ਵੇ।
ਤੁਸੀਂ ਫ਼ੌਜਾਂ ਚਾੜ੍ਹਤੀਆਂ।
ਹਾੜ੍ਹ ਦੇ ਅਕੇਵੇਂ ਦੀਆਂ।
ਤੁਸੀਂ ਤਪਸ਼ਾਂ ਠਾਰਤੀਆਂ।

1. ਅਕਾਲੀ ਫੂਲਾ ਸਿੰਘ ਜੀ।



PDF created with pdfFactory Pro trial version www.pdffactory.com

ਸਾਉਣ ਦੀਆਂ ਝੜੀਆਂ ਵੇ।
ਫੁਹਾਰ ਜਿਹੀ ਇਉਂ ਵਰਸੇ,
ਅਕਾਸ਼ੀਂ ਪੀਘਾਂ ਜਿਉਂ ਚੜ੍ਹੀਆਂ ਵੇ।

ਸ਼ਾਮ ਦੀ ਸੁਨਹਿਰੀ ਭਾਅ ਵੇ।
ਰੂਹ ਨੂੰ ਉਲਾਸ ਮੌਲਦਾ,
ਵਰਖਾ 'ਚ ਜਿਵੇਂ ਘਾਹ ਵੇ।

ਸ਼ਾਮੀਂ ਵਗਣ ਹਵਾਵਾਂ ਵੇ।
ਮਿੱਠੀ ਮਿੱਠੀ ਰੌ ਰੁਮਕੇ,
ਸੋ ਦਰੁ ਦੀਆਂ ਛਾਵਾਂ ਵੇ।



PDF created with pdfFactory Pro trial version www.pdffactory.com

# . . . . . ਵੇ ?[1]

ਅੱਖੀਆਂ ਦੇ ਪਿੱਛੇ ਵੇ!
... ... ... ... ...
ਨੀਲਾ ਆਕਾਸ਼ ਵੇ!
... ... ... ... ...
ਰੂੰ ਵਰਗੇ ਬੱਦਲ ਵੇ!
... ... ... ... ...
ਸਵੇਰ ਦੀ ਜੋ ਤਾਜ਼ਗੀ ਵੇ!
... ... ... ... ...
ਸੁਨਹਿਰੀ[2] ਪ੍ਰਕਾਸ਼ ਵੇ!
... ... ... ... ...
ਹਵਾ ਦੀਆਂ ਰੌਆਂ ਵੇ!
... ... ... ... ...
ਤਾਜ਼ਗੀ ਦੇ ਲਹਿਰੇ ਵੇ!
... ... ... ... ...
ਸੁਰਤ ਦੇ ਤਰੰਗ ਵੇ!
... ... ... ... ...
ਦੇਹ ਵਿਚ ਰੌਂਆਂ ਵੇ!
... ... ... ... ...
ਅੰਦਰ ਥਰਥਰਾਹਟ ਵੇ!
... ... ... ... ...
ਅੱਖੀਆਂ ਨੇ ਬੰਦ ਵੇ!
... ... ... ... ...

*(1-6-2012; ਬਠਿੰਡਾ)*

1. ਪਿਛਲੇ 15 ਸਾਲਾਂ ਤੋਂ ਇਸ ਕਵਿਤਾ ਨੂੰ ਪੂਰਾ ਕਰਨ ਦੀ ਅੰਤ੍ਰੀਵ ਪ੍ਰੇਰਣਾ ਨਹੀਂ ਹੋਈ। 2. ਸ਼ਾਮ ਸਮੇਂ।



PDF created with pdfFactory Pro trial version www.pdffactory.com

# ਸਾਦਗੀ

ਐ ਅਣਭੋਲ ਕੁੜੀ! ਤੂੰ ਕਿੰਨੀ ਬੇਪਰਵਾਹ ਹੈਂ
ਤੈਨੂੰ ਹਾਰਾਂ ਸ਼ਿੰਗਾਰਾਂ ਦੀ ਲੋੜ ਨਹੀਂ ਭਾਸਦੀ
ਤੂੰ ਬਿਨਾਂ ਤਰੱਦਦ ਤੋਂ ਖ਼ੂਬਸੂਰਤ ਹੈਂ
ਤੂੰ ਪ੍ਰਭਾਵ ਪਾਉਣ ਲਈ ਲਿਪਾ ਪੋਚੀ ਨਹੀਂ ਕਰਦੀ
ਇਹ ਬਨਾਵਟੀ ਲੋਕਾਂ ਦੀ ਹੀ ਉਮੰਗ ਹੁੰਦੀ ਹੈ
ਜੋ ਦੂਜਿਆਂ ਤੋਂ ਵਾਹ ਵਾਹ ਅਖਵਾਣ ਦਾ ਸਮਾਂ ਉਡੀਕਦੇ ਹਨ
ਉਹ ਸਾਰੀ ਆਯੂ ਇਸੇ ਨੁਕਤੇ 'ਤੇ ਬਰਬਾਦ ਕਰ ਸੁੱਟਦੇ ਹਨ
ਪਰ ਉੱਚੀਆਂ ਸ਼ਖ਼ਸੀਅਤਾਂ ਤਾਂ ਆਪਣੇ ਅੰਦਰੋਂ ਹੀ ਉੱਚਾ ਉਠਦੀਆਂ ਹਨ
ਇਹੋ ਹੀ ਕੁਦਰਤੀ ਅਤੇ ਨਕਲੀ ਤਰਜ਼ੇ ਜ਼ਿੰਦਗੀ ਵਿਚ ਫ਼ਰਕ ਹੈ
ਐ ਅਣਭੋਲ! ਤੂੰ ਕੁਦਰਤੀ ਵਿਰਸੇ ਨੂੰ
ਬਿਨਾਂ ਤਰੱਦਦ ਤੋਂ ਸਾਂਭ ਰੱਖਿਆ ਹੈ
ਪਰ ਤੈਨੂੰ ਪਤਾ ਨਹੀਂ ਤੇਰੇ ਇਸ ਕੁਦਰਤੀ ਜਿਹੇ ਅੰਦਾਜ਼ ਦਾ
ਕਿ ਕਿਵੇਂ ਇਹ ਜੀਵਨ ਜਾਚ ਨੂੰ ਸਹਿਜ ਵੱਲ
ਮਿਕਨਾਤੀਸ ਵਾਂਗ ਖਿੱਚਦਾ ਹੈ
ਸ਼ਾਇਦ ਤੂੰ ਉਸੇ ਰਸਤੇ ਦੀ ਪਾਂਧੀ ਹੈ
ਜੋ ਆਦਿ ਗੁਰੂ ਦੀ ਰਮਜ਼ ਸੀ



PDF created with pdfFactory Pro trial version www.pdffactory.com

# ਪ੍ਰੇਮ

ਪ੍ਰੇਮ ਹੀ ਤਾਂ ਕਿਸੇ ਵਸਤ ਦਾ ਸੂਖਮ ਰੂਪ ਹੈ
ਕੀ ਚੰਦਰਮਾ ਨੂੰ ਪਿਆਰ ਕਰਨਾ ਸੂਖਮ ਰੂਪ ਨਹੀਂ
ਕੀ ਭ੍ਰਮਨ ਕਰਨ ਸਮੇਂ ਪਰਬਤ ਪਿਆਰੇ ਨਹੀਂ ਲੱਗਦੇ
ਕੀ ਨਦੀਆਂ, ਨਾਲੇ ਸੁੰਦਰ ਨਹੀਂ ਲੱਗਦੇ
ਕੀ ਬਾਗ਼ਾਂ ਨੂੰ ਵੇਖ ਅੱਖੀਂ ਠੰਡ ਨਹੀਂ ਪੈਂਦੀ
ਕੀ ਸੂਰਜ ਦਾ ਆਦਿ ਅਸਤ ਸਾਨੂੰ ਮੋਹਿਤ ਨਹੀਂ ਕਰਦਾ
ਕੀ ਝੀਲਾਂ ਅਤੇ ਸਮੁੰਦਰ ਪਿਆਰੇ ਨਹੀਂ ਲੱਗਦੇ
ਕਿਉਂਕਿ ਪ੍ਰੇਮ ਇਕ ਸੂਖਮ ਰੌਅ ਹੈ
ਹੁਣ ਇਹੀ ਵਸਤਾਂ ਸੂਖਮ ਪ੍ਰੇਮ ਦਾ ਆਦਾਨ ਪ੍ਰਦਾਨ
ਸਾਡੇ ਨਾਲ ਕਰਦੀਆਂ ਹਨ
ਜਦ ਅੰਤਰੀਵ ਪ੍ਰੇਮ ਨਾਲ ਅਸੀਂ ਵਸਤਾਂ ਵੇਖਦੇ ਹਾਂ
ਤਦ ਵਸਤਾਂ ਵੀ ਪ੍ਰੇਮ ਉਛਾਲੇ ਮਾਰਦੀਆਂ ਹਨ
ਪ੍ਰੇਮੀ ਦੇ ਪਿਆਰ ਉਮਾਹ ਨੂੰ ਵੇਖ ਕੇ
ਵਸਤਾਂ ਆਪਣਾ ਸੂਖਮ ਰੂਪ ਪ੍ਰਗਟਾਉਂਦੀਆਂ ਹਨ
ਕੁਦਰਤ ਸੋਹਣੀ ਅਤੇ ਰਕਾਨ ਨਾਰ ਹੈ
ਜੋ ਵਿਰਲੇ ਅੱਗੇ ਹੀ ਆਪਣਾ ਘੁੰਡ ਖੋਲ੍ਹਦੀ ਹੈ

*(26-8-2012; ਐਤਵਾਰ ਸਵੇਰੇ 9.00 ਵਜੇ)*



PDF created with pdfFactory Pro trial version www.pdffactory.com

# ਮਨ ਰਾਜੇ ਨੂੰ ਸੰਬੋਧਨ

ਐ ਮਨ! ਤੂੰ ਕਿਹੋ ਜਿਹਾ ਬਾਦਸ਼ਾਹ ਹੈਂ?
ਜੋ ਨਿੱਕੇ ਜਿਹੇ ਤਖ਼ਤ 'ਤੇ ਬਹਿ ਕੇ ਰਾਜ ਕਰਦਾ ਹੈਂ
ਸਾਰੀ ਦੁਨੀਆਂ ਉੱਤੇ ਤੇਰੇ ਦਾਅਵੇ ਦੀ ਮਾਲਕੀ ਹੈ
ਸੂਰਜ, ਚੰਦਰਮਾ, ਤਾਰੇ ਤੇਰੀ ਮਲਕੀਅਤ ਹਨ
ਕਹਿਕਸ਼ਾਂ ਤੇਰੇ ਤਾਬੇ ਹੋਣਾ ਲੋਚਦੀਆਂ ਹਨ
ਕੁਲ ਦੁਨੀਆਂ ਦੀ ਖ਼ੁਸ਼ਬੂ ਤੇਰਾ ਘੇਰਾ ਘਤਦੀ ਹੈ
ਜਗਤ ਦੀਆਂ ਠੰਡੀਆਂ ਹਵਾਵਾਂ
ਤੇਰਾ ਸਪਰਸ਼ ਚਾਹੁੰਦੀਆਂ ਹਨ
ਇਹ ਪਹਾੜ, ਝੀਲਾਂ ਅਤੇ ਸਮੁੰਦਰ
ਤੇਰੇ ਮਾਨਣ ਲਈ ਸਿਰਜੇ ਗਏ ਹਨ
ਤੂੰ ਹੀ ਤਾਂ ਉਹ ਸ਼ਹਿਨਸ਼ਾਹ ਹੈਂ
ਜੋ ਕਬਜ਼ੇ ਦੀ ਇੱਛਾ ਨਹੀਂ ਰੱਖਦਾ
ਕਿਸੇ ਸ਼ੈਅ ਨੂੰ ਕਬਜ਼ੇ ਤੋਂ ਬਿਨਾਂ ਮਾਨਣਾ
ਤੇਰੇ ਹੀ ਨਸੀਬ ਵਿਚ ਹੈ
ਤੂੰ ਹੀ ਤਾਂ ਹੈਂ ਉਹ ਪੰਛੀ
ਜੋ ਪੱਲੇ ਰਿਜ਼ਕ ਨਹੀਂ ਬੰਨ੍ਹਦਾ
ਤੂੰ ਹੀ ਸਾਵਣ ਦੀਆਂ ਝੜੀਆਂ ਵਿਚ
ਫੁਹਾਰਾਂ ਨੂੰ ਮਾਣਦਾ ਹੈਂ
ਬਸੰਤ ਦੀ ਰੁੱਤ ਦੇ ਖੇੜੇ
ਤੇਰੇ ਲਈ ਆਉਂਦੇ ਹਨ
ਕਾਇਨਾਤ ਦੀਆਂ ਸਭ ਰੁੱਤਾਂ ਉੱਤੇ
ਤੇਰੀ ਮਾਲਕੀ ਹੈ
ਸਵੇਰੇ ਸ਼ਾਮ ਦੇ ਸੂਰਜ ਦੀ ਸੁਨਹਿਰੀ ਭਾਅ
ਤੇਰੇ ਉਮਾਹ ਲਈ ਪੈਦਾ ਕੀਤੀ ਹੈ



PDF created with pdfFactory Pro trial version www.pdffactory.com

ਸੁਬਹ ਸ਼ਾਮ ਪੰਛੀ ਤੈਨੂੰ ਰਾਗਾਂ ਰਾਹੀਂ
ਪਰਚਾਉਂਦੇ ਹਨ
ਲੋਟਣੇ ਕਬੂਤਰ ਅਤੇ ਕਲਹਿਰੀ ਮੋਰ
ਤੈਨੂੰ ਪਰਚਾਉਣ ਲਈ ਪੈਦਾ ਕੀਤੇ ਹਨ
ਨੀਲੇ ਆਕਾਸ਼ ਦਾ ਛਤਰ
ਤੇਰੀ ਬਾਦਸ਼ਾਹੀ ਦਾ ਤਾਜ ਹੈ
ਹਨੇਰੀ ਰਾਤ ਦੇ ਟਿਮਟਿਮਾਉਂਦੇ ਤਾਰੇ
ਤੇਰੀ ਮੁਸਕਰਾਹਟ ਵਿਚ ਹਿੱਸਾ ਪਾ ਰਹੇ ਹਨ
ਸਾਰੇ ਫੁੱਲ ਤੇਰੀ ਹੀ ਖ਼ੁਸ਼ੀ ਲਈ ਪੈਦਾ ਕੀਤੇ ਹਨ
ਇਹ ਰੂੰ ਵਰਗੇ ਬੱਦਲ ਤੈਨੂੰ ਪਰਚਾਉਣ ਲਈ
ਘੱਲੇ ਗਏ ਹਨ
ਇਹ ਸਵੇਰ ਦੀ ਤਾਜ਼ਗੀ ਤੇਰੀ ਹੀ ਤੰਦਰੁਸਤੀ
ਲਈ ਇਕ ਸੁਗ਼ਾਤ ਭੇਜੀ ਹੈ
ਲੌਢੇ ਪਹਿਰ ਦੀ ਆਰਾਮ ਫ਼ਰਮਾਈ
ਤੇਰੇ ਲਈ ਹੈ
ਸ਼ਾਮ ਨੂੰ ਸੋ ਦਰੁ ਵੇਲੇ ਦਾ ਟਿਕਾਉ
ਤੈਨੂੰ ਸ਼ਾਂਤ ਕਰਨ ਆਉਂਦਾ ਹੈ
ਟਿਕੀ ਹੋਈ ਰਾਤ ਦਾ ਹਨੇਰਾ ਤੈਨੂੰ ਆਪਣੀ ਬੁੱਕਲ ਵਿਚ
ਨੀਂਦ ਦੀ ਪੀਂਘ ਝੁਟਾਉਂਦਾ ਹੈ।
ਇਹ ਸਾਰੀ ਕੁਦਰਤ ਤੇਰੇ ਸਵਾਗਤ ਦੇ
ਇੰਤਜ਼ਾਰ ਵਿਚ ਖੜੀ ਹੈ।



PDF created with pdfFactory Pro trial version www.pdffactory.com

# ਮਨ ਦੀ ਮੌਜ

ਮਨ ਦੀ ਮੌਜ
ਕਵੀਆਂ ਵਰਗੀ
ਆਪੇ ਵਿਚ ਸਮਾਈ
ਹੈ ਕਲਮ ਚਲਾਈ।

ਮਨ ਦੀ ਮਰਜ਼ੀ
ਬਾਦਸ਼ਾਹ ਵਰਗੀ
ਮਹਿਲੀਂ ਰੌਣਕ ਲਾਈ
ਵੱਜੇ ਸ਼ਹਿਨਾਈ।

ਮਨ ਦੀ ਮੌਜ
ਫ਼ਕੀਰਾਂ ਵਰਗੀ
ਕੁਲੀ ਹੈ ਸ਼ਰਮਾਈ
ਲਵੇ ਅੰਗੜਾਈ।

ਮਨ ਦੀ ਮੌਜ
ਪਾਤਸ਼ਾਹ ਵਰਗੀ
ਰੂਹ ਵਿਚ ਸੱਚ ਸਮਾਈ
ਹੋਈ ਰੁਸ਼ਨਾਈ।

ਮਨ ਦੀ ਮੌਜ
ਸਾਵਣ ਦੀਆਂ ਝੜੀਆਂ
ਰੱਜ ਕੇ ਪਿਆਸ ਬੁਝਾਈ
ਨਾ ਫੇਰ ਤਪਾਈ।



PDF created with pdfFactory Pro trial version www.pdffactory.com

ਮਨ ਦੀ ਮੌਜ
ਹੈ ਸ਼ਾਂਤ ਸਮੁੰਦਰ
ਹਵਾ ਨਾ ਕੋਈ ਚਲਾਈ
ਹੈ ਠਹਿਰਾਈ।

ਮਨ ਦੀ ਮੌਜ
ਬਹਿਸ਼ਤਾਂ ਵਰਗੀ
ਕੁੰਭੀ ਮਗਰੋਂ ਲਾਹੀ
ਨਾ ਪਿੱਛੇ ਆਈ।

ਮਨ ਦੀ ਮੌਜ
ਕਹਿਕਸ਼ੋਂ ਉੱਚੀ
ਰੂਹ ਦਾ ਭਾਰ ਨਾ ਕਾਈ
ਨਾ ਖੇਚਲ ਆਈ।

ਮਨ ਦੀ ਮੌਜ
ਆਤਮ ਦੀਆਂ ਲਹਿਰਾਂ
ਲਖ ਨਾ ਸਕੇ ਕਾਈ
ਨਾ ਬਿਆਨ ਕਰਾਈ।



PDF created with pdfFactory Pro trial version www.pdffactory.com

# ਲੇਖਕ ਦਾ ਕਾਵਿ

ਮੇਰਾ ਇਹ ਕਾਵਿ ਜੋ।
ਰੂਹ ਦਾ ਰਿਸਾਵ ਜੋ।
ਉੱਠਦੇ ਪ੍ਰਭਾਵ ਜੋ।
ਮੇਰਾ ਨਾ ਜ਼ੋਰ ਹੈ।
ਇਹ ਤਾਂ ਐਵੇਂ ਸ਼ੋਰ ਹੈ।



PDF created with pdfFactory Pro trial version [www.pdffactory.com](http://www.pdffactory.com)

- ✯ ਭਿਆਨਕ ਵਿਰੋਧੀ ਹਾਲਤਾਂ ਦੌਰਾਨ ਖ਼ਿਆਲਾਂ ਵਿਚ ਆਦਰਸ਼ ਸਮੋਈ ਰੱਖਣੇ, ਇਹੀ ਅੱਜ ਦੇ ਯੁਗ ਦੀ ਤਪੱਸਿਆ ਹੈ।
- ✯ ਸੂਖਮ ਪਰਵਾਜ਼ ਵੱਲ ਰੁਚੀ ਦਾ ਖ਼ਾਤਮਾ ਹੀ ਪਦਾਰਥਵਾਦੀ ਯੁਗ ਦੀ ਤ੍ਰਾਸਦੀ ਹੋਵੇਗੀ।
- ✯ ਆਪਣੇ ਅੰਦਰਲੀ ਖੜੋਤ ਨੂੰ ਵਾਰ ਵਾਰ ਪਾਰ ਕਰਨਾ ਹੀ ਅੱਜ ਦੀ ਵੰਗਾਰ ਹੈ।
- ✯ ਅੰਤਰੀਵ ਦੇ ਤੰਗ ਦਾਇਰੇ ਧਰਤੀ ਦੇ ਵਸੀਲਿਆਂ ਅਤੇ ਅਕਾਸ਼ ਦੀਆਂ ਉਡਾਰੀਆਂ ਨੂੰ ਸੀਮਤ ਕਰ ਦਿੰਦੇ ਹਨ।
- ✯ ਨਵੀਂ ਤਕਨੀਕ ਨੂੰ ਉਤਸ਼ਾਹ ਪੂਰਵਕ ਵਰਤੋ, ਤਾਂ ਕਿ ਪੁਰਾਤਨ ਵਿਰਸੇ ਨੂੰ ਸਾਂਭਿਆ ਜਾ ਸਕੇ।
- ✯ ਭਾਰਤ ਦੇਸ਼ ਅਤੇ ਖ਼ਾਸਕਰ ਪੰਜਾਬ ਰੂਹਾਨੀ ਤੌਰ ’ਤੇ ਦੁਨੀਆਂ ਦੇ ਅਮੀਰ ਕੇਂਦਰ ਹਨ।
- ✯ ਕੁਦਰਤ ਨਾਲ ਰਾਬਤਾ ਨਿਰਲੇਪਤਾ ਵੱਲ ਪਹਿਲਾ ਕਦਮ ਹੈ।
- ✯ ਸਥੂਲ ਤੋਂ ਸੂਖਮ ਵੱਲ ਉਡਾਨ ਹੀ ਕਵੀ ਦੀ ਰਮਜ਼ ਹੁੰਦੀ ਹੈ।
- ✯ ਰਚਨਾਤਮਕ ਰੁਚੀ (creativity) ਦੀ ਨਿਰੰਤਰ ਧਾਰਾ ਹੀ ਉੱਚ ਸ਼ਖ਼ਸੀਅਤ ਦੀ ਜਨਮਦਾਤੀ ਹੈ।
- ✯ ਖ਼ਾਲਸੇ ਦੀ ਉਚੇਰੀ ਪਰਵਾਜ਼ ਗੁਰਬਾਣੀ ਵਿਚ ਸਮੋਈ ਹੋਈ ਹੈ।

**ਕਿਸੇ ਵਿਲੱਖਣ ਅੰਦਾਜ਼ ਵਿਚ ਖ਼ਾਲਸੇ ਦੇ ਰੂਬਰੂ !**



**ਸੁਖਪਾਲ ਸਿੰਘ**